ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

# ਤੇਗ ਬਹਾਦਰ ਸੀ ਕ੍ਰਿਆ
# ਕਰੀ ਨ ਕਿਨਹੂ ਆਨ

DEC. 97 ਦਸੰਬਰ ੯੭

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਰੇ ਮਨ ਲੇਖੈ ਕਬਹੂ ਨ ਪਾਇ ੧
੨. ਮਹਾਨ ਆਤਮਾ ੩
੩. ਅਕਾਲ ਪੁਰਖ ਦੀ ਤੱਤ ਲਖਤਾ ੪
੪. ਸੀਸ ਦੀਆ ਪਰ ਸਿਰਰ ਨ ਦੀਆ ੭
੫. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਦਰਸ਼ਨ ੯
੬. ਉਮਾਹ ਸ਼ਹੀਦੀ ਦਾ ੧੩
੭. ਨੌਵੀਂ ਸਰਕਾਰ ਦਾ ਜਲਵਾ (ਕਵਿਤਾ) ੧੪
੮. ਚਮਕੌਰ ਸਾਹਿਬ ਦੇ ਸ਼ਹੀਦ ਸਿੰਘਾਂ ਦਾ ਸਸਕਾਰ ੧੫
੯. ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ (ਕਵਿਤਾ) ੭
੧੦. ਪੰਚ ਸਤਾਵਹਿ ਦੂਤ ੧੮
੧੧. ਅਰਦਾਸ ੨੧
੧੨. ਗੁਰਦੁਆਰੇ ਅੰਦਰ ਬੁੱਤ ੨੭
੧੩. ਗੁਰਮਤਿ ਵਿਚ ਗ੍ਰਿਹਸਥ ਜੀਵਨ ੩੦
੧੪. ਅਖੰਡ ਕੀਰਤਨ (ਕਵਿਤਾ) ੩੨
੧੫. ਕਰਮ ਫਿਲਾਸਫੀ ੩੩


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੨ ਦਸੰਬਰ | ਸ਼ਹੀਦੀ ਮੇਲਾ ਚਮਕੌਰ ਸਾਹਿਬ | ੨੨ਦਸੰਬਰ |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਜੀ | ੪ ਦਸੰਬਰ | ਸ਼ਹੀਦੀ ਮੇਲਾ ਫਤਿਹਗੜ੍ਹ ਸਾਹਿਬ ਸਰੰਹਦ | ੨੬ ਤੋਂ ੨੮ਦਸੰਬਰ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੇਵਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼. ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।

ਸੂਚਨਾ – ਹਰ ਐਤਵਾਰ ਸੂਰਾਂ ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨੬੭੯੦੦
੨. ਅਮਰੀਕਾ –' ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇ
ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।


ਜਿਲਦ ੩੧
ਦਸੰਬਰ ੧੯੯੭
ਅੰਕ ੧੨

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

| | |
|---|---|
| ਸਾਲਾਨਾ ਚੰਦਾ | ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦ |
| ਅਮਾਨਤੀ ਲਾਈਫ ਮੈਂਬਰਸ਼ਿਪ | ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦ |
| ਚੰਦਾ ਭੇਜਣ ਦਾ ਪਤਾ | 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - ੧੪੧੦੦੨ (ਇੱਕ ਕਾਪੀ .... ੩.੦੦) |


## ਰੇ ਮਨ ਲੇਖੈ ਕਬਹੂ ਨ ਪਾਇ।।

ਸੁਇਨੇ ਕਾ ਚਉਕਾ ਕੰਚਨ ਕੁਆਰ।। ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ।।
ਗੰਗਾ ਕਾ ਉਦਕੁ ਕਰੰਤੇ ਕੀ ਆਗਿ।। ਗਰੁੜਾ ਖਾਣਾ ਦੁਧ ਸਿਉ ਗਾਡਿ।।੧।।
ਰੇ ਮਨ ਲੇਖੈ ਕਬਹੂ ਨ ਪਾਇ।। ਜਾਮਿ ਨ ਭੀਜੈ ਸਾਚ ਨਾਇ।।੧।। ਰਹਾਉ।।
ਦਸ ਅਠ ਲੀਖੇ ਹੋਵਹਿ ਪਾਸਿ।। ਚਾਰੇ ਬੇਦ ਮੁਖਾਗਰ ਪਾਠਿ।।
ਪੁਰਬੀ ਨਾਵੈ ਵਰਨਾਂ ਕੀ ਦਾਤਿ।। ਵਰਤ ਨੇਮ ਕਰੇ ਦਿਨ ਰਾਤਿ।।੨।।
ਕਾਜੀ ਮੁਲਾਂ ਹੋਵਹਿ ਸੇਖ।। ਜੋਗੀ ਜੰਗਮ ਭਗਵੇ ਭੇਖ।।
ਕੋ ਗਿਰਹੀ ਕਰਮਾ ਕੀ ਸੰਧਿ।। ਬਿਨੁ ਬੂਝੇ ਸਭ ਖੜੀਅਸਿ ਬੰਧਿ।।੩।।
ਜੇਤੇ ਜੀਅ ਲਿਖੀ ਸਿਰਿ ਕਾਰ।। ਕਰਣੀ ਉਪਰਿ ਹੋਵਗਿ ਸਾਰ।।
ਹੁਕਮੁ ਕਰਹਿ ਮੂਰਖ ਗਾਵਾਰ।। ਨਾਨਕ ਸਾਚੇ ਕੇ ਸਿਫਤਿ ਭੰਡਾਰ।।੪।।੩।।

(ਬਸੰਤੁ ਮ: ੧, ਪੰਨਾ ੧੧੬੮-੬੯)

**ਵਿਆਖਿਆ** :- ਨਾਮ ਸਿਮਰਨ ਤੁਲ ਕੋਈ ਕਰਮ ਧਰਮ ਨਹੀਂ। ਭਾਵੇਂ ਸੋਇਨੇ ਦਾ ਚਉਕਾ ਹੋਵੈ ਅਤੇ ਸੋਨੇ ਦੇ ਹੀ ਕਰੂਏ (ਗਾਗਰ ਮਟਕੇ ਲੋਟੇ ਆਦਿਕ ਬਰਤਨ) ਹੋਣ। ਚਾਂਦੀ ਦੀਆਂ ਹੀ ਕਾਰਾਂ ਕਢੀਆਂ ਜਾਣ। ਏਡਾ ਵੱਡਾ ਅਡੰਬਰ ਬਹੁਤ ਸਾਰਾ ਕੀਤਾ ਜਾਵੇ। ਗੰਗਾ ਦਾ ਜਲ ਲਿਆ ਕੇ ਚਉਕੇ ਵਿਚਿ ਵਰਤਿਆ ਜਾਵੇ। ਯਗ ਹਵਨ ਦੀ ਪਵਿਤਰ ਸਮਝੀ ਗਈ ਅੱਗ ਉਸ ਚਉਕੇ ਵਿਚਿ ਜਲਾਈ ਜਾਏ ਜੋ ਸੂਰਜ ਦੀਆਂ ਕਿਰਣਾਂ ਚੋਂ ਯਾ ਪੱਥਰ ਘਸਾ ਕੇ ਮਚਾਈ ਜਾਂਦੀ ਹੈ। ਐਸੇ ਚਉਕੇ ਵਿਚਿ ਦੁੱਧ ਨਾਲਿ ਮਿਲਾ ਕੇ ਚਉਲਾਂ ਦੇ ਨਰਮ ਖਾਣੇ ਦੀ ਪਵਿਤਰ ਰਸੋਈ ਕੀਤੀ ਜਾਵੇ ਅਤੇ ਐਸੀ ਰਸੋਈ ਦਾ ਬਣਿਆ ਆਹਾਰ ਭੁੰਚਿਆ ਜਾਵੇ। ਏਡੇ ਅਡੰਬਰੀ ਆਹਾਰ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ, ਜਦੋਂ ਤੋੜੀ ਸੱਚੇ ਨਾਮ ਦੀ ਅਭਿਆਸ ਕਮਾਈ ਕਰਕੇ ਭਿਜਿਆ ਨਾ ਹੋਏ। ਲੇਖੇ ਪੈਂਦੀ ਹੈ ਤਾਂ ਗੁਰਮਤਿ ਨਾਮ ਦੀ ਰਸ-ਭਿੰਨੀ ਕਮਾਈ ਹੀ ਲੇਖੇ ਪੈਂਦੀ ਹੈ। ਹੋਰ ਆਨਮਤ ਕਰਮ ਕਿਸੇ ਭੀ ਲੇਖੇ ਨਹੀਂ ਪੈਂਦੇ। ਅਠਾਰਾਂ ਹੀ ਪੁਰਾਨ ਆਪਣੇ ਹਥੀਂ ਲਿਖ ਕੇ ਪਾਸ ਧਰੇ ਹੋਏ ਹੋਣ। ਚਾਰੇ ਹੀ ਵੇਦਾਂ ਦਾ ਮੂੰਹ-ਜ਼ਬਾਨੀ ਪਾਠ ਚੇਤੇ ਹੋਵੇ ਅਤੇ ਨਿਤਾਪ੍ਰਤਿ ਕੀਤਾ ਜਾਵੇ। ਖ਼ਾਸ ਆਨਮਤੀ ਤਿਉਹਾਰਾਂ ਸਮੇਂ ਸਾਰੇ ਆਨਮਤੀ ਤੀਰਥਾਂ ਤੇ ਨ੍ਹਾਇਆ ਜਾਵੇ। ਖਤਰੀ ਬ੍ਰਾਹਮਣ ਆਦਿਕ ਵਰਨਾਂ ਲਈ ਜੋ ਦਾਨ ਪੁੰਨ ਕਰਨੇ ਲਿਖੇ ਹਨ (ਆਨਮਤੀ ਪੁਸਤਕਾਂ ਵਿਚਿ) ਉਹ ਭੀ ਕੀਤੇ ਜਾਣ ਅਤੇ ਐਨ ਪੁਰਬੀ ਲਗੀ ਸਮੇਂ, ਅਭੀਚ ਨਛੱਤ੍ਰ ਸਮੇਂ ਕੀਤੇ ਜਾਣ। ਹਿੰਦੂ ਮੱਤ ਦੇ ਵਰਤ ਨੇਮ ਸੰਜਮ ਸਾਰੇ ਹੀ ਕੀਤੇ ਜਾਣ ਅਤੇ ਦਿਨੇ ਰਾਤ ਲਗਾਤਾਰ ਹਫਤਿਆਂ ਬੱਧੀ ਬਰਸਾਂ ਬੱਧੀ ਕੀਤੇ ਜਾਣ। ਅਜਿਹੇ ਆਨਮਤੀ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ। ਅਜਾਈਂ ਜਾਂਦੇ ਹਨ। ਭਾਵੇਂ ਮੁਸਲਮਾਨੀ ਮੱਤ ਦੇ ਕਾਜ਼ੀ ਮੁੱਲਾਂ ਅਤੇ ਸ਼ੇਖ ਕਿਤਨੇ ਹੀ ਕੁਰਾਨ ਕਤੇਬੀ ਮਸਲੇ ਅਤੇ ਸ਼ਰਾਅ ਦੇ ਕਰਮ ਕਮਾਉਣ ਵਾਲੇ ਹੋਣ। ਅਤੇ ਹਿੰਦੂ ਮੱਤ ਦੇ ਭਾਵੇਂ ਕਿਤਨੇ ਹੀ ਜੋਗੀ ਜੰਗਮ ਸੰਨਿਆਸੀ ਉਦਾਸੀ ਭਗਵੇਂ ਭੇਸ ਦਾ ਵੇਸ ਧਾਰ ਕੇ ਆਨਮਤ ਧਰਮਾਂ ਦੇ ਅਨੇਕਾ ਕਰਮਾਂ ਨੂੰ ਕਰਨਹਾਰੇ ਹੋਣ ਅਤੇ ਭਾਵੇਂ ਕਿਤਨੇ ਹੀ ਗ੍ਰਿਹਸਤੀ



www.AKJ.Org

ਕਰਮਾਂ ਦੀ ਸੰਧ ਮਿਲਾ ਕੇ ਕਰਮ ਕਮਾਉਣ ਵਾਲੇ ਹੋਣ। ਏਹਨਾਂ ਸਾਰੇ ਹੀ ਆਨਮਤ ਕਰਮਾਂ ਦੇ ਕਰਨਹਾਰੇ ਜਮਪੁਰ ਬੰਨ੍ਹ ਕੇ ਚਲਾਏ ਜਾਣਗੇ। ਕਿਸੇ ਦਾ ਇਲਾਜ਼ ਨਹੀਂ ਕੀਤਾ ਜਾਊ। ਗੁਰਮਤਿ ਨਾਮ ਨੂੰ ਬੁਝੇ ਬਿਨਾਂ, ਤੇ ਬੁਝ ਕੇ ਕਮਾਏ ਬਿਨਾਂ ਬੰਦ ਖਲਾਸੀ ਕਦੇ ਭੀ ਨਹੀਂ ਹੁੰਦੀ। ਇਹਨਾਂ ਆਨਮਤ ਕਰਮਾਂ ਦੇ ਕਮਾਉਣ ਕਰਿ ਕਦਾਚਿਤ ਨਹੀਂ ਹੋ ਸਕਦੀ। ਜਿਤਨੇ ਭੀ ਜੀਅ ਜੰਤ ਹਨ, ਸਭਨਾਂ ਦੇ ਸਿਰ ਤੇ ਕਾਰ ਲਿਖੀ ਹੋਈ ਹੈ। ਉਸ ਲਿਖੀ ਕਾਰ ਲਿਖਤ ਦੇ ਅਨੁਸਾਰ ਹੀ ਉਹ ਕਰਮ ਕਮਾਉਂਦੇ ਹਨ। ਪ੍ਰੰਤੂ ਗੁਰਮਤਿ ਕਰਣੀ ਹੀ ਸਭ ਤੋਂ ਪਰਧਾਨ ਕਰਮਣੀ ਸ੍ਰੇਸ਼ਟ ਕਾਰ ਹੈ। ਜਦ ਨਿਸਤਾਰਾ ਹੋਣਾ ਹੈ ਤਾਂ ਗੁਰਮਤਿ ਸਿਫਤਿ ਸਾਲਾਹੀ ਸੱਚੀ ਸਾਰ ਕਰਣੀ ਦੁਆਰਾ ਹੀ ਹੋਣਾ ਹੈ। ਸਚੇ ਦੀ ਸਿਫਤ ਸਾਲਾਹ ਦੇ ਭੰਡਾਰ ਗੁਰੂ ਨਾਨਕ ਸਾਹਿਬ ਦੇ ਘਰ ਦਰ ਦਰਬਾਰ ਵਿਚਿ ਖੁਲ੍ਹੇ ਹੋਏ ਹਨ। ਜੋ ਏਸ ਦਰ ਦਰਬਾਰ ਨੂੰ ਛਡ ਕੇ ਹੋਰ ਥਾਵੀਂ ਹੋਰਨੀਂ ਆਨਮਤ ਦੇ ਘਰੀ ਦਰੀਂ ਟੱਕਰਾਂ ਮਾਰਦੇ ਫਿਰਦੇ ਹਨ ਓਹ ਮਨਮਤੀਏ ਮੂਰਖ ਗਵਾਰ ਹਨ। ਉਹ ਲੋਕਾਂ ਉਤੇ ਆਪਣੀ ਮਨਮਤ ਦੀ ਆਨਮਤ ਕਰਮੀ ਈਨ ਜਮਾ ਕੇ ਆਪਣਾ ਹੁਕਮ ਚਲਾਉਣਾ ਚਾਹੁੰਦੇ ਹਨ, ਸੋ ਸਭ ਬਿਰਥਾ ਹੈ। ਕਿਤਨੇ ਹੀ ਆਪਾ-ਪੰਥੀ ਆਪਣੀ ਕਰਮ ਧਰਮਹੁਕਮੀ ਈਨ ਚਲਾ ਕੇ ਚਲੇ ਗਏ, ਓੜਕ ਇਹ ਮੀਣੇ ਰਸਾਤਲੀਂ ਹੀ ਜਾ ਪਏ। ਏਹਨਾਂ ਦੇ ਮਨਮਤਿ ਕਰਮ ਏਹਨਾਂ ਨੂੰ ਨਾ ਹੀ ਸਹਾਈ ਹੋਏ। ਨਾ ਇਹਨਾਂ ਦੇ ਪਿਛਲੱਗਾਂ ਨੂੰ ਏਹਨਾਂ ਆਨਮਤ ਮਨਮਤੀ ਕਰਮਾਂ ਦੀ ਕੋਈ ਸਹਾਇਤਾ ਹੋਈ। ਏਸੇ ਅਗਲੇ ਗੁਰਵਾਕ ਵਿਚਿ ਦਸੇ ਆਨਮਤ ਕਰਮੀ ਮਨਮਤੀਆਂ ਦੀ ਦੁਰਗਤਿ ਅਤੇ ਦੁਰਦਿਸ਼ਾ ਹੋਵੇਗੀ। ਯਥਾ ਗੁਰਵਾਕ :-

ਬਸਤ੍ਰ ਉਤਾਰਿ ਦਿਗੰਬਰੁ ਹੋਗੁ।।
ਜਟਾ ਧਾਰਿ ਕਿਆ ਕਮਾਵੈ ਜੋਗੁ।।
ਮਨੁ ਨਿਰਮਲੁ ਨਹੀ ਦਸਵੈ ਦੁਆਰ।।
ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ।।੧।।
ਏਕੁ ਧਿਆਵਹੁ ਮੂੜ੍ ਮਨਾ।।
ਪਾਰਿ ਉਤਰਿ ਜਾਹਿ ਇਕ ਖਿਨਾਂ।।੧।। ਰਹਾਉ।।
ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ।।
ਨਾਦੀ ਬੇਦੀ ਪੜ੍ਹਹਿ ਪੁਰਾਣ।।
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ।।
ਤਿਨ ਕੈ ਰਮਈਆ ਨੇੜਿ ਨਾਹਿ।।੨।।
ਜੇ ਕੋ ਐਸਾ ਸੰਜਮੀ ਹੋਇ।।
ਕ੍ਰਿਆ ਵਿਸੇਖ ਪੂਜਾ ਕਰੇਇ।।
ਅੰਤਰਿ ਲੋਭੁ ਮਨੁ ਬਿਖਿਆ ਮਾਹਿ।।
ਓਇ ਨਿਰੰਜਨੁ ਕੈਸੇ ਪਾਹਿ।।੩।।
ਕੀਤਾ ਹੋਆ ਕਰੇ ਕਿਆ ਹੋਇ।।
ਜਿਸ ਨੋ ਆਪਿ ਚਲਾਏ ਸੋਇ।।
ਨਦਰਿ ਕਰੇ ਤਾਂ ਭਰਮੁ ਚੁਕਾਇ।।
ਹੁਕਮੈ ਬੂਝੈ ਤਾਂ ਸਾਚਾ ਪਾਏ।।੪।।
ਜਿਸੁ ਜੀਉ ਅੰਤਰੁ ਮੈਲਾ ਹੋਇ।।
ਤੀਰਥ ਭਵੈ ਦਿਸੰਤਰ ਲੋਇ।।
ਨਾਨਕ ਮਿਲੀਐ ਸਤਿਗੁਰ ਸੰਗ।।
ਤਉ ਭਵਜਲ ਕੇ ਤੂਟਸਿ ਬੰਧ।।੫।।੪।।

(ਬਸੰਤ ਮ: ੧, ਪੰਨਾ ੧੧੬੯)

ਇਸ ਗੁਰਵਾਕ ਦਾ ਤਤ ਵਿਆਖਤ ਭਾਵ ਇਹ ਹੈ ਕਿ ਗੁਰਮਤਿ ਨਾਮ ਤੋਂ ਬਿਨਾਂ ਕਿਸੇ ਭੀ ਆਨਮਤ ਕਰਮ ਕੀਤਿਆਂ ਮਨ ਕਦੇ ਨਿਰਮਲ ਨਹੀਂ ਹੁੰਦਾ। ਆਨਮਤ ਕਰਮਾਂ ਦੇ ਸਾਧਨ ਸਭਿ ਫੋਕਟ ਹਨ। ਇਕੋ ਸਾਧਨ ਵਰਤਣਾ ਹੀ ਉਚਿਤ ਹੈ ਜੋ ਗੁਰੂ ਕੀ ਸੰਗਤ ਵਿਚੋਂ ਮਿਲਦਾ ਹੈ। ਅਨੇਕਾਂ ਐਸੇ ਆਨਮਤਿ ਕਰਮੀ ਪਰਪੰਚੀ ਪਾਖੰਡੀ ਲੋਗ ਹਨ ਜੋ ਤਨ ਬਦਨ ਦੇ ਸਾਰੇ ਬਸਤਰ ਉਤਾਰ ਕੇ ਨਾਂਗੇ (ਦਿਗੰਬਰ) ਬਣਿ ਬੈਠਦੇ ਹਨ, ਪਰ ਨੰਗੇ ਰਹਿਆਂ ਤੇ ਨੰਗ-ਧੜੰਗੇ ਫਿਰਿਆਂ ਜੇ ਮੁਕਤੀ ਪ੍ਰਾਪਤਿ ਹੋ ਜਾਵੇ ਤਾਂ ਬਨਾਂ ਦੇ ਮਿਰਗ ਸਾਰੇ ਹੀ ਮੁਕਤ ਹੋ ਜਾਣੇ ਚਾਹੀਦੇ ਹਨ। ਨੰਗਿਆਂ ਧੜੰਗਿਆਂ ਫਿਰਿਆਂ ਪਾਖੰਡੀ ਸਾਧ ਹੀ ਸਦਾਈਦਾ ਹੈ। ਇਸ ਪਾਖੰਡ ਭੇਖ ਕੀਤਿਆਂ ਕਦੇ ਮੁਕਤੀ ਨਹੀਂ ਹੁੰਦੀ। ਹੋਰ ਅਜਿਹੇ ਹੀ ਆਨਮਤ ਪਾਖੰਡ ਸਾਧਨਾਂ ਨੂੰ ਸਾਧਣਹਾਰ ਜੋਗੀ ਬਣੇ ਫਿਰਦੇ ਹਨ। ਪਰ ਨਿਰੇ ਜਟਾਧਾਰੀ ਜੋਗੀ ਪਰਪੰਚ ਕਰਮਾਰੀ ਹੋਇਆਂ ਕਿਆ ਖ਼ਾਕ ਜੋਗ ਕਮਾਇਆ ਜਾਂਦਾ ਹੈ ? ਜੋਗ ਦਾ ਦਰ ਦੂਰ ਹੈ। ਸੱਚੜਾ ਜੋਗ ਮਨਮਤੀਆਂ ਦੀ ਕਿਰਿਆ ਤੋਂ ਕਾਫ਼ੂਰ ਹੈ। ਮਨ ਤਾਂ ਉਹਨਾਂ ਦਾ ਨਿਰਮਲ ਨਹੀਂ ਹੁੰਦਾ। ਦਸਮੇਂ ਦੁਆਰੇ ਪਉਣ ਚੜ੍ਹਾਉਣ ਦੇ ਯਤਨ ਉਨ੍ਹਾਂ ਦੇ ਨਿਸਫਲ ਹੀ ਜਾਂਦੇ ਹਨ। ਦਸਮੇਂ ਦੁਆਰੇ ਪਉਣ ਚੜ੍ਹਾਉਣ ਦਾ ਪਰਪੰਚ-ਕਰਮੀ ਜੋਗ ਕਰਿ ਕਰਿ ਥਕਿ ਰਹਿੰਦਾ ਹੈ। ਪਉਣ ਉਪਰ ਨੂੰ ਚੜ੍ਹਾਉਂਦਾ ਹੈ, ਹਠ ਯੋਗ ਕਰਿ ਕਰਿ, ਪਰ ਭਰਮ ਭਰਮ ਕੇ ਮੁੜਿ ਆਉਂਦਾ ਹੈ। ਮੂੜ੍ਹਾ ਮੁਗਧ ਗਵਾਰ, ਦਸਮੇਂ ਦਵਾਰ ਪਹੁੰਚਣਾ ਹੀ ਨਹੀਂ ਪਾਉਂਦਾ। ਠਹਿਰਾਉ ਕਿਵੇਂ ਹੋਵੇ। ਭਰਮ ਭਰਮ ਕੇ ਪਚਦਾ ਰਹਿੰਦਾ ਹੈ। ਇਸ ਹਠ ਯੋਗ ਕਿਰਿਆ ਦੁਆਰਾ ਨਾ ਹੀਂ ਦਸਮ ਦਵਾਰਾ ਮਿਲਦਾ ਹੈ ਨਾ ਹੀਂ ਮਨ ਨਿਰਮਲ ਹੁੰਦਾ ਹੈ। ਤਾਂ ਕਾਹਦਾ ਯੋਗ ਕਮਾਵਣਾ ਹੈ ਅਤੇ ਕਾਹਦਾ ਦਸਮ ਦੁਆਰੇ ਪਉਣ ਚੜ੍ਹਾਵਣਾ ਹੈ ? ਸਭ ਬਿਰਥੀ ਫੋਕਟ ਕਿਰਿਆ ਹੈ। ਗੁਰੂ ਸਾਹਿਬ ਐਸੇ ਮੂੜ੍ਹ ਮਨ ਵਾਲੇ ਹਠ-ਯੋਗੀ ਆਨਮਤ ਪਰਪੰਚ ਕਰਮੀ ਨੂੰ ਉਪਦੇਸ਼ ਦਿੰਦੇ ਹਨ


www.AKJ.Org

ਕਿ ਹੇ ਮੂੜ੍ਹ ਮਨ ਮੁਘਧੀ ਪਾਖੰਡੀ ਜਨ ! ਇਕ ਅਕਾਲ ਪੁਰਖ ਦੇ ਗੁਰਮਤਿ ਨਾਮ ਅਭਿਆਸ ਦੁਆਰਾ ਧਿਆਨ ਧਰੋਂ ਤਾਂ ਸੁਤੇ ਹੀ ਸਹਿਜ ਯੋਗ ਦੀ ਕਮਾਈ ਕੀਤਿਆਂ ਦਸਮ ਦੁਆਰ ਭੀ ਖੁਲ੍ਹ ਜਾਂਦਾ ਹੈ ਅਤੇ ਮਨ ਭੀ ਸੱਚੇ ਟਿਕਾਉ ਵਿਚਿ ਆ ਜਾਂਦਾ ਹੈ। ਜਦੋਂ ਇਹ ਪਦ ਪ੍ਰਾਪਤਿ ਹੋਇਆ, ਦਸਮੇਂ ਦੁਆਰਿ ਮਨ ਠਹਿਰਾਉਂਦਾ ਹੈ ਤਾਂ ਇਕ ਫੇਰੇ ਵਿਚਿ ਇਸ ਭਵ-ਸਾਗਰ ਤੋਂ ਪਾਰ ਉਤਰ ਜਾਣ ਦਾ ਸਰੰਜਾਮ ਬਣਿ ਜਾਂਦਾ ਹੈ। ਸਿਮਰਤੀਆਂ ਸ਼ਾਸਤਰਾਂ ਦਾ ਬਹੁ ਭਾਰੀ ਵਖਿਆਣ ਕਹਿਆ ਸੁਣਿਆ ਭੀ ਨਹੀਂ ਬਣਦਾ। ਉਹਨਾਂ ਦੀਆਂ ਨਾਦ ਧੁਨੀਆਂ ਅਤੇ ਧੁਨਾਉਣਹਾਰੇ ਅਤੇ ਬੇਦ-ਮੰਤਰ ਉਚਾਰਨ-ਹਾਰਿਆਂ ਤੇ ਪੁਰਾਨਾਂ ਦੇ ਚੜ੍ਹਣ-ਹਾਰਿਆਂ ਨੂੰ ਭੀ ਕੁਛ ਲਭਤਾ ਨਹੀਂ ਹੁੰਦੀ। ਐਸੇ ਪਾਖੰਡ-ਦ੍ਰਿਸ਼ਟੀ ਵਾਲਿਆਂ ਅਤੇ ਮਨਿ ਕਪਟ ਕਮਾਉਣ ਵਾਲਿਆਂ ਦੇ ਰਮਈਆਂ ਨੇੜੇ ਨਹੀਂ ਢੁਕਦਾ। ਅਨੇਕ ਸੰਜਮਾਂ ਕਰ ਕੇ ਇੰਦ੍ਰਿਆਂ ਨੂੰ ਵਸਿ ਕਰਨ ਦੇ ਸਾਧਨ ਕਮਾਉਣਹਾਰਾ, ਵਿਸ਼ੇਸ਼ ਪੂਜਾ ਕਰਮ ਕਰਨਹਾਰਾ ਸੰਜਮੀ ਭੀ ਭਾਵੇਂ ਕੋਈ ਹੋਵੇ ਉਸ ਦਾ ਭੀ ਵਿਸ਼ੇਸ਼ ਕਰਮੀ ਸੰਜਮ ਬਿਰਥਾ ਹੀ ਜਾਂਦਾ ਹੈ। ਕਿਉਂਕਿ ਐਨੇ (ਏਤਨੇ) ਆਨਮਤਿ ਪਾਖੰਡ ਕਰਦਿਆਂ ਭੀ ਉਸ ਦਾ ਮਨ ਬਿਖ ਮਾਇਆ ਵਿਚਿ ਹੀ ਖਪਤ ਰਹਿੰਦਾ ਹੈ ਅਤੇ ਹਿਰਦਾ (ਅੰਤਰੁ) ਲੋਭ ਨਾਲਿ ਹੀ ਲਿਬੜਿਆ ਰਹਿੰਦਾ ਹੈ। ਐਸੇ ਪਾਖੰਡ ਕਰਮੀ ਪੁਰਸ਼ਾਂ ਨੂੰ ਨਿਰੰਜਨ ਵਾਹਿਗੁਰੂ ਪ੍ਰਮਾਤਮਾ ਦੀ ਪ੍ਰਾਪਤੀ ਭਲਾ ਕਿਵੇਂ ਹੋ ਸਕਦੀ ਹੈ ? ਹੋ ਹੀ ਨਹੀਂ ਸਕਦੀ। ਕਰਤੇ ਪੁਰਖ ਦੇ ਕੀਤੇ ਹੋਏ ਅਲਪਗ ਜੰਤ ਦਾ ਚਾਰਾ ਕੁਛ ਨਹੀਂ ਚਲਦਾ। ਉਸ ਦੇ ਕੀਤੇ ਕੁਛ ਨਹੀਂ ਬਣਦਾ। ਉਸ ਮਨਮਤੀਏ ਦਾ ਕੀਤਾ ਕਰਮ ਕਿਸੇ ਲੇਖੇ ਨਹੀਂ ਪੈਂਦਾ। ਜਿਸ ਨੂੰ ਕਰਤਾ ਪੁਰਖ ਆਪਿ ਸੁਮਤੇ ਲਾਏ, ਉਹ ਸੱਚੇ ਸੁਮਾਰਗ ਤੇ ਚਲਦਾ ਹੈ। ਜਿਸ ਦੇ ਉਪਰ ਸੱਚੇ ਸਾਹਿਬ ਦੀ ਨਦਰ ਮੇਹਰ ਹੋਵੇ, ਉਸ ਦਾ ਹੀ ਆਨਮਤ ਕਰਮੀ ਭਰਮ ਭੁਲਾਵਾ ਚੁਕਿਆ ਜਾਂਦਾ ਹੈ। ਨਦਰਾਂ ਕਰਮਾਂ ਵਾਲਿਆਂ ਨੂੰ ਹੀ ਸੱਚੇ ਵਾਹਿਗੁਰੂ ਦੇ ਸੱਚੜੇ ਹੁਕਮ ਦੀ ਸੂਝ ਬੂਝ ਆਉਂਦੀ ਹੈ। ਇਸ ਸੱਚ ਹੁਕਮੀ ਸੋਝੀ ਪੈਣ ਕਰਿ ਹੀ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਐਵੇਂ ਨਹੀਂ। ਆਨਮਤਿ ਕਰਮ ਕਰਿਆਂ ਤੋਂ ਸਗੋਂ ਅੰਦਰਲਾ ਜੀਵ-ਆਤਮਾ ਮੈਲਾ ਹੀ ਹੁੰਦਾ ਹੈ। ਭਾਵੇਂ ਸਾਰੇ ਦੇਸ-ਦੇਸਾਂਤਰੀ ਤੀਰਥਾਂ ਤੇ ਨ੍ਹਾਉਂਦਾ ਫਿਰੇ ਅਤੇ ਸਾਰੀਆਂ ਲੋਆਂ ਖੰਡਾਂ ਪੁਰੀਆਂ ਵਿਖੇ ਭਉਂਦਾ ਫਿਰੇ। ਕੁਛ ਉਚੇ ਭਾਗ ਹੋਣ ਤਾਂ ਸੱਚੇ ਸਤਿਗੁਰੂ ਗੁਰੂ ਨਾਨਕ ਦੇ ਘਰ ਦੀ ਸੰਗਤ ਵਿਚਿ ਨਿਵਾਸ ਹੋਵੇ ਤਾਂ ਭਉਜਲ ਦੇ ਸਾਰੇ ਬੰਧ ਟੁਟ ਜਾਣ। ਨਹੀਂ ਤਾਂ ਆਨਮਤੀ ਕਰਮ ਕਰੰਦਿਆਂ ਸਗੋਂ ਹੋਰ ਫੰਧੇ ਗਲ ਵਿਚਿ ਪੈਂਦੇ ਹਨ। ■■

## ਮਹਾਨ ਆਤਮਾ

(ਰਾਜਿੰਦਰ ਸਿੰਘ ਵਿਦਿਆਰਥੀ)

-ਪਿਤਾ ਜੀਉ ।

-ਆਓ ਲਾਲ ਜੀਉ।

-ਅੱਜ ਆਪ ਨੇ ਮੈਨੂੰ ਘੁੱਟ ਗਲਵੱਕੜੀ ਨਹੀਂ ਪਾਈ। ਮੇਰਾ ਮਸਤਕ ਨਹੀਂ ਚੁੰਮਿਆ.... ਤੇ ਨਾ ਹੀ ਪੁੱਛਿਆ ਕਿ ਮੈਂ ਅੱਜ ਨਿਸ਼ਾਨੇ ਕਿਵੇਂ ਫੁੰਡੇ... ਏ... ਇਹ ਭਲੇ ਲੋਗ ਆਪ ਪਾਸ ਕਿਵੇਂ ਬੁੱਤ ਬਣੇ ਖੜੇ ਹਨ ? ਖਿਮਾਂ ਕਰਨੀ ਅੱਜ ਤਾਂ ਆਪ ਜੀ ਦੇ ਚਿਹਰੇ ਪਰ ਵੀ ਬੜੀ ਉਦਾਸੀ ਦਿੱਸ ਰਹੀ ਹੈ। ਐਸਾ ਪਹਿਲਾਂ ਤਾਂ ਕਦੇ ਨਹੀਂ ਡਿੱਠਾ ? ਕਿਉਂ ?

-(ਚੁੱਪ)

-ਦਸੋ ਨਾ ਪਿਤਾ ਜੀ ! ਇਤਨੇ ਚੁੱਪ ਕਿਉਂ ਹੋ ?

-ਜ਼ਿੱਦ ਨਾ ਕਰੋ ਬਾਲਾ ਜੀ। ਤੁਹਾਡੇ ਸਾਥੀ... ਵੇਖੋ ਤੁਹਾਡੀ ਉਡੀਕ ਕਰ ਰਹੇ ਹਨ।

-ਊਂ ਹੂੰ । ਆਪ ਨੂੰ ਦਸਨਾ ਹੀ ਪਵੇਗਾ। ਨਾਲੇ ਮੈਂ ਹੁਣ ਨਿਕੜਾ ਬਾਲਕ ਥੋੜਾ ਹਾਂ। ਅੱਜ ਅਸੀਂ ਘਮਸਾਨ ਦੀ ਜੰਗ ਲੜੀ ਹੈ। ਇੱਕ ਪਾਸੇ ਮੇਰੇ ਨਾਲ ਸਿਰਫ ਪੰਜ ਸਾਥੀ ਤੇ ਦੂਜੇ ਪਾਸੇ ਸੋਲਾਂ ਸਤਾਰਾਂ ਦੀ ਧਾੜ। ਅਸੀਂ ਤੀਰਾਂ ਦੀ ਬੁਛਾੜ ਨਾਲ ਸਾਰੇ ਭੇਡੂ-ਦਲ ਨੂੰ ਭਾਜੜਾਂ ਹੀ ਪਾ ਦਿੱਤੀਆਂ... ਹੁਣ ਹੋਰ ਨਾ ਟਾਲੋ ਦੱਸੋ ਨਾ।

-ਜ਼ਰੂਰ ਹੀ ਪੁੱਛਦੇ ਹੋ ਤਾਂ ਸੁਣੋ। ਇਹ ਕਸ਼ਮੀਰੀ ਪੰਡਤ ਹਨ। ਇਨ੍ਹਾਂ ਦੇ ਜੰਞੂ ਜਬਰਨ ਲਾਹੇ ਜਾ ਰਹੇ ਹਨ। ਹਜ਼ਾਰਾਂ ਨੂੰ ਹਿੰਦੂ ਧਰਮ ਛੁੜਾ ਕੇ ਮੁਸਲਮਾਨ ਬਣਾ ਕੇ ਹੁਣ ਇਨ੍ਹਾਂ ਧਮਕੀ ਦਿੱਤੀ ਗਈ ਹੈ ਕੇ ਸਾਰੇ ਹੀ ਮੁਸਲਿਮ ਹੋ ਜਾਵੋ। ਜੋ ਇਨਕਾਰ ਕਰੇ ਉਸ ਨੂੰ ਜਾਨੋ ਮਾਰ ਮੁਕਾਉ...।

-ਤਾਂ ਫਿਰ ਆਪ ਇਨ੍ਹਾਂ ਲਈ ਚਿੰਤਾ ਵਿੱਚ ਹੋ।

-ਹਾਂ ਲਾਲ ਜੀ ਵੀਚਾਰ ਦਾ ਸਿੱਟਾ ਕੁਝ ਇਹ ਪ੍ਰਤੀਤ ਹੁੰਦਾ ਹੈ ਕਿ ਬਿਨਾਂ ਕਿਸੇ ਮਹਾਨ ਪੁਰਸ਼ ਦੇ ਖ਼ੂਨ ਡੁਲ੍ਹਣ ਦੇ ਔਰੰਗੀ ਜ਼ੁਲਮ ਨਹੀਂ ਰੁਕ ਸਕਦਾ, ਅਤੇ ਅਜੇ ਹਾ ਮਹਾਨ ਆਤਮਾ ਵਾਲਾ ਓਹ ਪੁਰਸ਼ ਕੌਣ ਹੋਵੇ ਜੋ ਇਨ੍ਹਾਂ ਖਾਤਰ ਜਾਨ ਕੁਰਬਾਨ ਕਰ ਦੇਵੇ।

-ਇਹ ਤਾਂ ਮੈਂ ਦੱਸ ਸਕਦਾ ਹਾਂ ਪਿਤਾ ਜੀ !.... ਇਸ ਸਮੇਂ ਆਪ ਜੀ ਨਾਲੋ ਹੋਰ ਮਹਾਨ ਆਤਮਾ ਕੌਣ ਹੋ ਸਕਦਾ ਹੈ। ਕਿਉਂ ਨਾ ਫਿਰ ਆਪ ਹੀ...।

-ਬਾਲਾ ਪ੍ਰੀਤਮ ਜੀ ! ਆਓ ਮੇਰੀ ਗਲਵੱਕੜੀ ਵਿੱਚ ਆਓ ...ਅੱਜ ਮੈਂ ਤੁਹਾਡੇ ਵਿੱਚ ਓਹ ਕੁੱਝ ਵੇਖ ਲਿਆ ਹੈ, ਕਿ ਜਿਸ ਦੀ ਮੈਨੂੰ ਉਡੀਕ ਸੀ।।

— — —



www.AKJ.Org

# ਅਕਾਲ ਪੁਰਖ ਦੀ ਤੱਤ ਲਖਤਾ

(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਗੁਰਮਤਿ ਨਾਮ ਦੇ ਜਪੇ ਬਿਹੂਣ ਕਿਸੇ ਦੀ ਭੀ ਗਤਿ ਮੁਕਤਿ ਨਹੀਂ ਹੋ ਸਕਦੀ। ਪਿਛਲੇ ਜੁਗਾਂਤਰੀ ਜਨਮਾਂ ਦੇ ਅਨਮਤਿ ਅਵਲੰਬੀ ਜਪੀ ਤਪੀ ਜਤੀ ਜੋਗੀ ਸੰਨਿਆਸੀ ਰਿਖੀ ਮੁਨੀ ਤੱਤ ਕਲਿਆਣ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕੇ, ਜੈਸਾ ਕਿ ਇਸ ਪ੍ਰਕਾਰ ਦੇ ਅਨੇਕਾਂ ਪ੍ਰਮਾਣ ਗੁਰਬਾਣੀ ਅੰਦਰ ਆਉਂਦੇ ਹਨ :-

"ਸਨਕ ਸਨੰਦ ਅੰਤੁ ਨਹੀ ਪਾਇਆ।।
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ।।"

ਇਸ ਦੇ ਮੁਕਾਬਲੇ ਵਿਚ ਜੋ ਗੁਰਬਾਣੀ ਅੰਦਰ ਇਸ ਪ੍ਰਕਾਰ ਦੇ ਵਾਕ ਆਉਂਦੇ ਹਨ :-

"ਗੁਰ ਕੈ ਸਬਦਿ ਤਰੇ ਮੁਨਿ ਕੇਤੇ
ਇੰਦ੍ਰਾਦਿਕ ਬ੍ਰਹਮਾਦਿ ਤਰੇ।।
ਸਨਕ ਸਨੰਦਨ ਤਪਸੀ ਜਨ ਕੇਤੇ
ਗੁਰਪਰਸਾਦੀ ਪਾਰਿ ਪਰੇ।।"

(ਰਾਗ ਭੈਰਉ ਮਹਲਾ ੧ ਘਰ ੨, ੧੧੨੫)

ਇਨ੍ਹਾਂ ਪ੍ਰਮਾਣਾਂ ਤੋਂ ਸਾਫ਼ ਸਿਧ ਹੋਇਆ ਕਿ ਤਿਨ੍ਹਾਂ ਦਾ ਕਲਿਆਣ ਨਿਸਤਾਰਾ ਜਦ ਭੀ ਹੋਇਆ ਤਾਂ ਗੁਰਮਤਿ ਗੁਰਸ਼ਬਦ (ਗੁਰਮੰਤ੍ਰ )ਦੁਆਰਾ ਤੇ ਗੁਰਪ੍ਰਸਾਦੀ ਹੋਇਆ। ਸਤਿਗੁਰ ਨਾਨਕ ਦੀ ਸਰਣੀ ਆ ਕੇ ਹੀ ਛੁਟਕਾਰਾ ਹੋਇਆ। ਉਦੋਂ ਤਕ ਉਹ ਜੁਗੋ ਜੁਗ ਜਨਮ ਧਾਰਦੇ ਹੀ ਰਹੇ। ਗੁਰ ਸਰਨੀ ਆ ਕੇ ਹੀ ਤਿਨ੍ਹਾਂ ਦੀ ਗਤਿ ਮੁਕਤਿ ਤੱਤ ਕਲਿਆਣ ਹੋਈ, ਸਤਿਗੁਰੂ ਦੇ ਗ੍ਰਿਹਿ ਵਿਖੇ ਆ ਕੇ ਜਨਮ ਲੈਣ ਕਰਿ ਹੀ ਉਹਨਾਂ ਦਾ ਆਵਾਗਵਨ ਮਿਟਿਆ, ਜੈਸੇ ਕਿ ਭਿਖਾ ਭੱਟ ਬ੍ਰਹਮਾ ਜੀ ਦੇ ਔਤਾਰ ਹੋ ਕੇ ਜਦੋਂ ਗੁਰੂ-ਘਰ ਗੁਰ-ਸੰਗਤਾਂ ਵਿਚ ਜਨਮ ਧਾਰ ਕੇ ਗੁਰ-ਦੀਖਤ ਹੋਏ ਤਾਂ ਉਹਨਾਂ ਦੀ ਕਲਿਆਣ ਹੋਈ। ਭਿਖਾ ਜੀ ਦੀ ਆਪਣੇ ਮੁਖੋਂ ਹੀ ਗੁਰੂ-ਕਲਾ ਕ੍ਰਿਸ਼ਮਤਾ ਦੁਆਰਾ ਉਚਰੀ ਹੋਈ ਬਾਣੀ ਹੀ ਇਸ ਗੱਲ ਦੀ ਸਾਖਾ ਭਰਦੀ ਹੈ :-

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।।
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।।
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ।।
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ।।
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ।।
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ।।੨।।੨੦।

(ਸਵਈਏ ਮਹਲੇ ੩ ਕੇ, ੧੩੯੫)

ਕਲਿਜੁਗ ਵਿਚ ਸਭ ਜੀਆਂ ਦਾ ਉਧਾਰ ਸਤਿਗੁਰ ਨਾਨਕ ਦੇਵ ਜੀ ਦੇ ਘਰ ਗੁਰਸਿਖੀ ਮੰਡਲ ਵਿਚ ਆ ਕੇ ਹੀ ਹੋਣਾ ਹੈ। ਪਿਛਲੇ ਜੁਗਾਂ ਤੋਂ ਲੈ ਕੇ ਜੋ ਆਵਾਗਉਣ ਦੇ ਗੇੜ ਵਿਚ ਭਰਮਦੇ ਹੁਣ ਤਕ ਸਿਧ, ਮੁਨੀ, ਜਪੀ, ਤਪੀ ਆਦਿ ਫਿਰ ਰਹੇ ਹਨ ਤੇ ਆਮ ਸੰਸਾਰੀ ਜੀਵ ਸਭ ਦਾ ਉਧਾਰ ਨਿਸਤਾਰਾ ਗੁਰਸਿਖ ਬਣ ਕੇ ਤੇ ਗੁਰਮਤਿ ਨਾਮ ਦੇ ਅਭਿਆਸੀ ਹੋ ਕੇ ਹੀ ਹੋਣਾ ਹੈ, ਜਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ :-

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ।।
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ
ਮਤੁ ਕੋ ਧਰਹੁ ਗੁਮਾਨਾ।।੧।।
ਸਤਿਗੁਰ ਕੀ ਜਿਸ ਨੋ ਮਤਿ ਆਵੈ
ਸੋ ਸਤਿਗੁਰ ਮਾਹਿ ਸਮਾਨਾ।।
ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ।।੧।।ਰਹਾਉ।।
ਚਹੁ ਜੁਗਾ ਕਾ ਹੁਣਿ ਨਿਬੇੜਾ
ਨਰ ਮਨੁਖਾ ਨੋ ਏਕੁ ਨਿਧਾਨਾ।।
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿਨਾਮਾ।।੨।।
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ
ਸੋਧਿ ਦੇਖਹੁ ਬੇਦ ਪੁਰਾਣਾ।।
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ
ਜਗਿ ਤੇ ਪੂਰੇ ਪਰਵਾਣਾ।।੩।।
ਕਹਤ ਨਾਨਕ ਸਚੇ ਸਿਉ ਪ੍ਰੀਤਿ ਲਾਏ
ਚੂਕੈ ਮਨਿ ਅਭਿਮਾਨਾ।।
ਕਹਤ ਸੁਣਤ ਸਭੇ ਸੁਖ ਪਾਵਹਿ
ਮਾਨਤ ਪਾਹਿ ਨਿਧਾਨਾ।।੪।।੪।।

(ਬਿਲਾਵਲੁ ਮਹਲਾ ੩, ਪੰਨਾ ੭੯੭)

## ਉਧਾਰ ਨਿਸਤਾਰੇ ਦੀ ਸਬੀਲ ਤੇ ਜ਼ਿਰੀਆ -

ਸਤਿਗੁਰੂ ਨਾਨਕ ਸਾਹਿਬ ਦੀ ਜਗਤ-ਤਾਰਕ ਜਗਤ-ਸੁਧਾਰਕ ਯਾਤਰਾ ਦੀ ਲੀਲ੍ਹਾ ਭੀ ਬੜੀ ਬਚਿਤ੍ਰ ਹੈ। ਸਤਿਗੁਰ ਨਾਨਕ ਦੇਵ ਜੀ ਦੇ ਜੀਵਾਂ ਨੂੰ ਨਿਸਤਾਰਨ, ਉਭਾਰਨ ਤੇ ਕਲਿਆਣ ਕਰਨ ਦੇ ਹੀਲੇ ਭੀ ਅਤੀ ਚੋਜ ਚੁਈਲੇ ਤੇ ਗੁਰਮਤਿ ਵਿਸ਼ੇਸ਼ ਮਰਯਾਦਾ ਮਰਯਾਦੀਲੇ ਹਨ, ਕੋਈ ਬੰਨ੍ਹੀ-ਰੰਨ੍ਹੀ ਰਸਮ ਡਰੰਨੀ ਮਰਯਾਦਾ ਗੁਰੂ ਕਲਾ ਉਧਾਰਨੀ ਰਹਿਮਤ ਵਿਚ ਕਰਾਰ ਦਾਦ ਨਹੀਂ। ਨਾਨਾ ਪ੍ਰਕਾਰੀ ਗੁਰ-ਰਹਿਮਤੀ ਮੌਜਾਂ ਵਿਚ ਅਨਿਕ ਤਰੰਗੀ ਕਰੁਣਾਰਸੀ ਨਿਰੰਜਨੀ ਮੌਜਾਂ ਵਿਚ ਜਿਵੇਂ ਜਿਵੇਂ ਸਤਿਗੁਰੂ ਗੁਰੂ ਅਵਤਾਰਾਂ ਨੂੰ ਭਾਇਆ ਤਿਵੇਂ ਤਿਵੇਂ ਨਾਨਾ ਪ੍ਰਕਾਰੀ ਜੀਵਾਂਦੀ ਕਲਿਆਣ ਗਤੀ ਦੇ ਸੌਂਜ ਸਾਜੇ। ਜਿਸ ਪ੍ਰਕਾਰ



www.AKJ.Org

ਭੀ ਜਿਸ ਜਿਸ ਕਰਮ-ਗਤੀ ਲਿਖਤਕਾਰ ਦੁਆਰਾ ਜਿਸ ਜਿਸ ਪ੍ਰਾਣੀ ਦਾ ਉਧਾਰ ਹੋਣਾ ਗੁਰੂ ਅੰਤਰਯਾਮੀ ਨੂੰ ਦਿੱਬ-ਦ੍ਰਿਸ਼ਟਾਰ ਹੋਇਆ, ਤਿਵੇਂ ਤਿਵੇਂ ਹੀ ਗੁਰੂ ਬਿਧਾਤਾ ਨੇ ਤਿਨ੍ਹਾਂ ਦਾ ਪਾਰ-ਉਤਾਰਾ ਕਰ ਦਿੱਤਾ। ਪਾਰ-ਉਤਾਰੇ ਦਾ ਜੋ ਦੁਆਰਾ ਲਿਖਤਕਾਤਾ ਸਤਿਗੁਰੂ ਨੂੰ ਆਸ਼ਕਾਰਾ ਹੋਇਆ, ਸੋਈ ਸਬੀਲ (ਦੁਆਰਾ) ਸਤਿਗੁਰਾਂ ਨੇ ਵਰਤਾਇਆ। ਤ੍ਰੈਕਾਲ-ਦਰਸ਼ੀ ਗੁਰੂ-ਅਵਤਾਰਾਂ ਨੂੰ ਜਿਸ ਜਿਸ ਪ੍ਰਾਣੀ ਦੀ ਜਿਸ ਅਧਿਕਾਰਤਾ ਦੁਆਰਾ ਸਦਗਤੀ ਹੋਣ ਦੀ ਦਿਬ-ਲਖਤਾ ਸਾਮ੍ਹਹੇ ਹੋਈ, ਤਿਸੁ ਤਿਸੁ ਪ੍ਰਕਾਰ ਤਿਸੁ ਤਿਸੁ ਪ੍ਰਾਣੀ ਦੇ ਉਧਾਰ-ਨਿਸਤਾਰੇ ਦਾ ਤ੍ਰੀਕਾ (ਦੁਆਰਾ-ਜ਼ਿਰੀਆ) ਵਰਤਿਆ ਅਤੇ ਤੱਤ-ਕਾਲ ਹੀ ਕਰਣਾ ਰਸ ਵਿਚ ਭਰ ਕੇ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।। ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ਵਾਲਾ ਵਰਤਾਰਾ ਵਰਤਿਆ। ਜਿਸ ਜਿਸ ਬਿਧ ਭੀ ਜਿਸ ਕਿਸੇ ਦਾ ਉਧਾਰ ਹੁੰਦਾ ਨਿਜ-ਗੁਰਮਤਿ ਅਨਕੂਲ ਜਾਤਾ ਤਿਸੇ ਬਿਧਿ ਹੀ ਉਸ ਨੂੰ ਉਭਾਰ ਲਿਆ। ਇਸ ਉਭਾਰਨ ਉਧਾਰਨ ਹਿਤ ਗੁਰੂ ਸਾਹਿਬ ਖ਼ੁਦ ਚਲ ਚਲ ਕੇ ਉਥੇ ਉਥੇ ਜਾਂਦੇ ਰਹੇ ਜਿਥੇ ਜਿਥੇ ਕਿ ਅਧਿਕਾਰੀ ਉਧਾਰ-ਅਧਿਕਾਰੀ ਜੀਵਾਂ ਨੇ ਗੁਰਾਂ ਦੀ ਕਿਰਪਾ ਕਟਾਖਸ਼ ਦੁਆਰਾ ਵਰੋਸਾਉਣਾ ਸੀ। ਮਰ ਜਾਣੇ ਮਰਦਾਨੇ ਨੂੰ, ਮਰਾਸੀਆਂ ਦੇ ਘਰੋਂ ਮੰਗ ਕੇ ਸਦੀਵ ਲਈ ਆਪਣੇ ਸੰਗ ਸਾਥ ਰਖ ਕੇ ਅਪਣਾਇਆ। ਅਨੇਕ ਵਾਰ ਉਸ ਨੂੰ ਚੋਰ-ਚਲਤੀ ਕਉਤਕਾਂ ਦੁਆਰਾ ਭਰਮਾਇਆ, ਜੀਝਾਇਆ। ਓੜਕ ਲਗਾਤਾਰੀ ਸਬਦ ਸੰਕੀਰਤਨੀ ਦਾਤਾਂ ਦੀਆਂ ਭੰਡਾਰ ਨਿਛਾਵਰੀ-ਬਰਕਤਾਂ ਦੇ ਪਾਰਸ ਪਰਭਾਵੀ ਅਕਲ ਕਲਾ ਦੇ ਤੁਫ਼ੈਲ ਸਦ-ਗਤੀ ਨੂੰ ਪੁਚਾਇ ਦਿੱਤਾ। ਇਕਨਾਂ ਨੂੰ ਆਪਣੇ ਨਿਕਟ ਬੁਲਾਇ ਬੁਲਾਇ, ਇਕਨਾਂ ਦੇ ਆਪਣੇ ਘਰੀ, ਮੰਜ਼ਲੀ, ਮੰਡਲ-ਅਸਥਾਨੀਂ, ਊਚ ਅਗੰਮ ਗਗਨ ਮੰਡਲੀਂ ਜਾਇ ਜਾਇ, ਆਪਣੀ ਪਾਰਸ ਸੁਪਰਸਤਾ ਦੁਆਰਾ ਨਿਸਤਾਰਿਆ। ਕਿਸੇ ਨੂੰ ਜੋਤਿ-ਝਲਕਾਰੀ-ਦਰਸ਼ਨਾਂ ਦਾ ਨਦਰ-ਕਟਾਰਾ ਫੇਰ ਕੇ ਕ੍ਰਿਤ ਕ੍ਰਿਤ ਕਰ ਦਿੱਤਾ। ਕਿਸੇ ਦਾ ਗੁਰ-ਗ੍ਰਿਹਿ ਵਿਖੇ ਜਨਮਾਇ ਕੇ ਗਵਨ ਮਿਟਾਇ ਦਿੱਤਾ। ਕਿਸੇ ਦਾ ਛਿਨ ਮਾਤ੍ਰ ਵਿੱਚ ਹੀ ਚਉਰਾਸੀ ਦਾ ਗੇੜ ਮੁਕਾਇ ਦਿੱਤਾ। ਆਪਨਿਆਂ ਬੇਗਾਨਿਆਂ ਦਾ ਭੀ ਕੋਈ ਤਫ਼ੱਰਕ ਨਹੀਂ ਰਖਿਆ। ਕਿਸੇ ਨੂੰ ਬੀਰ ਬਣਾ ਕੇ, ਕਿਸੇ ਨੂੰ ਤੀਰ ਵਾਹਿ ਕੇ, ਕਿਸੇ ਨੂੰ ਸਬਦ-ਸਾਣ ਚੜ੍ਹਾਇ ਕੇ, ਜਿਵੇਂ ਕਿਵੇਂ ਭੀ ਹੋ ਸਕਿਆ ਅਤੇ ਉਚਿਤ ਪੇਖਿਆ, ਤਿਵੇਂ ਤਿਵੇਂ ਹੀ ਤਿਸ ਦਾ ਹੁਕਮ-ਸਤੀ ਕਲਿਆਣ -ਕਰੰਮੀ ਬੋਲ-ਬਾਲਾ ਕਰ ਦਿੱਤਾ। ਇਹੋ ਤਾਂ ਸਤਿਗੁਰੂ ਲੀਲ੍ਹਾ ਧਾਰੀ ਦੀਆਂ, ਜੀਆਂ-ਜੰਤ ਉਧਾਰੀ, ਬਚਿਤ੍ਰ ਪਵਿਤ੍ਰ ਪੁਨੀਤ ਉੱਚ-ਪ੍ਰੀਤ-ਰੀਤਾਂ ਹਨ। ਕਿਤੇ ਕਿਤੇ ਅਨੇਕਾਂ ਥਾਵੀਂ ਇਹ ਨਿਯਮ ਭੀ ਬੰਧੇਜ ਵਿਚ ਨਹੀਂ ਰਖਿਆ ਕਿ ਮਨੁੱਖਾ-ਜਨਮ ਵਿਚ ਹੀ ਨਿਸਤਾਰਾ ਕਰਨਾ ਹੈ। ਕਈ ਜੀਵਾਂ ਦਾ ਸਰਪ ਜੋਨੀ ਵਿਚ ਹੀ ਚੁਰਾਸੀ ਤੋਂ ਛੁਟਕਾਰਾ ਦੇ ਦਿੱਤਾ। ਕਿਤੇ ਚਿੜੀਆਂ ਤੋਂ ਬਾਜ ਤੁੜਾਇ ਕੇ, ਕਿਤੇ ਬਾਜਾਂ ਨੂੰ ਬਾਜ-ਧਾਮੇ ਖਵਾਇ ਕੇ ਸਦਗਤੀ ਨੂੰ ਜਾਇ ਪ੍ਰਾਪਤ ਕੀਤਾ। ਅਗਾਧ ਗਤੀ ਹੈ ਸਤਿਗੁਰੂ ਦੇ ਜੀਅ ਉਧਾਰਨ ਨਿਸਤਾਰਨ ਵਾਲੀ ਅਕੱਥ ਕਥਾ ਦੀ। ਸੋ ਸਤਿਗੁਰੂ ਨੂੰ ਜਿਵੇਂ ਭੀ ਸੁਝਿਆ ਜੀਵਾਂ ਦੇ ਉਧਾਰ ਦਾ ਦੁਆਰਾ-ਸਬੀਲ-ਗੋਸ਼ਵਾਰਾ, ਤਿਵੇਂ ਹੀ ਬਣਤ ਬਣ ਗਈ ਜੀਵਾਂ ਦੇ ਉਧਾਰ ਨਿਸਤਾਰੇ ਦੀ । ਹਾਂ ਜੀ !

ਹੋਰੁ ਦੁਆਰਾ ਕੋਇ ਨਾ ਸੂਝੈ।।
ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ।।
ਸਤਿਗੁਰੁ ਸਾਹੁ ਭੰਡਾਰੁ ਨਾਮ
ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ।।੫।।
ਜਾ ਕੀ ਧੂਰਿ ਕਰੇ ਪੁਨੀਤਾ।।
ਸੁਰਿ ਨਰ ਦੇਵ ਨ ਪਾਵਹਿ ਮੀਤਾ।।
ਸਤਿਪੁਰਖੁ ਸਤਿਗੁਰੁ ਪਰਮੇਸਰੁ
ਜਿਸੁ ਭੇਟਤ ਪਾਰਿ ਪਰਾਇਣਾ।।
ਪਾਰਜਾਤੁ ਲੋੜਹਿ ਮਨ ਪਿਆਰੇ।।
ਕਾਮਧੇਨੁ ਸੋਹੀ ਦਰਬਾਰੇ ।।
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ
ਨਾਮੁ ਕਮਾਇ ਰਸਾਇਣਾ।।੬।।
ਗੁਰ ਕੈ ਸਬਦਿ ਮਰਹਿ ਪੰਚ ਧਾਤੂ।।
ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ।।
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ
ਪਾਰਸੁ ਪਰਸਿ ਦਿਖਾਇਣਾ।।੭।।
ਕਈ ਬੈਕੁੰਠ ਨਾਹੀ ਲਵੈ ਲਾਗੇ।।
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ।।
ਏਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ।।੮।।
ਗੁਰ ਕੀ ਸੇਵ ਨ ਜਾਣੈ ਕੋਈ।।
ਗੁਰੁ ਪਾਰਬ੍ਰਹਮੁ ਅਗੋਚਰੁ ਸੋਈ।।
ਜਿਸ ਨੋ ਲਾਇ ਲਏ ਸੋ ਸੇਵਕੁ
ਜਿਸੁ ਵਡਭਾਗ ਮਥਾਇਣਾ।। ੯।।
ਗੁਰ ਕੀ ਮਹਿਮਾ ਬੇਦ ਨ ਜਾਣਹਿ।।
ਤੁਛ ਮਾਤ ਸੁਣਿ ਸੁਣਿ ਵਖਾਣਹਿ।।
ਪਾਰਬ੍ਰਹਮ ਅਪਰੰਪਰ ਸਤਿਗੁਰ


www.AKJ.Org

ਜਿਸੁ ਸਿਮਰਤ ਮਨੁ ਸੀਤਲਾਇਣਾ।। ੧੦।।
ਜਾ ਕੀ ਸੋਇ ਸੁਣੀ ਮਨੁ ਜੀਵੈ।
ਰਿਦੈ ਵਸੈ ਤਾ ਠੰਢਾ ਥੀਵੈ।।
ਗੁਰ ਮੁਖਹੁ ਅਲਾਏ ਤਾ ਸੋਭਾ ਪਾਏ
ਤ੍ਰਿਸੁ ਜਮ ਕੈ ਪੰਥ ਨ ਪਾਇਣਾ।।੧੧।।
(੧੦੭੮-ਮਾਰੂ ਮਹਲਾ ੫)

ਦੇ ਗੁਰਵਾਕ ਅਨੁਸਾਰ ਜੀਵਾਂ ਦੀ ਉਧਾਰ-ਕਲਿਆਣ ਦਾ ਹੋਰ ਕੋਈ ਬਸੀਠ-ਦੁਆਰਾ ਨਹੀਂ, ਪਰ ਸਤਿਗੁਰੂ ਦੁਆਰੇ-ਜ਼ਰੀਏ ਹੋਇ ਕੇ ਸਾਹਿਬ ਸਮ੍ਹਾਲਣ ਦੇ ਨਾਨਾ ਬਿਧੀ ਦੁਆਰੇ-ਤ੍ਰੀਕੇ ਭੀ ਹਨ। ਜੋ ਅਗਿਆਨ ਭੇਲੇ ਲੋਗ *"ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ"* ਦੇ ਅਰਥ ਇਹ ਕਰਦੇ ਹਨ ਕਿ ਕਿਸੇ ਦੁਆਰਿਓਂ, ਕਿਸੇ ਮਤ-ਮਤਾਂਤਰੀ ਦੀਖਿਆ ਰੂਪੀ ਦੁਆਰਿਓਂ ਕਿਸੇ ਪ੍ਰਾਣੀ ਦਾ ਉਭਾਰ ਉਧਾਰ ਹੋਵੇ। ਤਿਥੇ ਹੀ ਉਧਾਰ ਕਰਾ ਲੈਣਾ ਚਾਹੀਦਾ ਹੈ, ਇਹ ਉਹਨਾਂ ਦੀ ਗ਼ਲਤ ਫ਼ਹਿਮੀ ਹੈ। ਕਲਿਆਣ ਦਾ ਦੁਆਰਾ ਬਸ ਇਕ ਸਤਿਗੁਰੂ ਦਾ ਦੁਆਰਾ ਹੀ ਹੈ, ਜਗਤ ਜਲੰਦੇ ਨੂੰ ਰਖ ਲੈਣ ਦਾ ਉਭਰਨ ਉਭਾਰਨ, ਜਗ ਉਧਰਨ ਉਧਾਰਨ ਜੋਗ ਦੁਆਰਾ ਹੈ ਤਾਂ ਬਸ ਇਕੋ ਗੁਰੂ ਦੰਗ-ਦੁਆਲ ਦੁਆਰੇ ਦੇ ਨਿਜ-ਸਕੀਮੇ ਦੁਆਰੇ ਅੰਦਰ ਅਨੇਕ ਤੇ ਨਾਨਾ ਬਚਿਤ੍ਰਕ ਹਨ। ਧੰਨ ਗੁਰੂ ਨਾਨਕ ਨਿਰੰਕਾਰੀ, ਧੰਨ ਗੁਰੂ ਨਾਨਕ ਅਵਤਾਰੀ, ਧੰਨ ਗੁਰੂ ਨਾਨਕ ਦਸਮੇਸ਼ ਕਲਾਧਾਰੀ,ਧੰਨ, ਧੰਨ, ਧੰਨ, ਧੰਨ, ਧੰਨ।

ਜੋ ਜੁਗ-ਜੁਗਾਂਤਰੀ ਭਗਤ ਅਵਤਾਰ ਭੀ ਹੋਏ, ਚਾਹੇ ਉਹਨਾਂ ਦਾ ਉਦੋਂ ਉਨ੍ਹਾਂ ਜੁਗਾਂ ਅੰਦਰ ਅਨਿਕ ਬਾਰ ਉਧਾਰ-ਨਿਸਤਾਰਾ ਹੋਇਆ ਅਤੇ ਏਨ੍ਹਾਂ ਭਗਤ-ਅਵਤਾਰਾਂ ਦੁਆਰਾ ਸ੍ਰੀ ਅਕਾਲ ਪੁਰਖ ਆਪਣੇ ਚਮਤਕਾਰੀ ਚੋਜ ਪਰਜੁੱਲਤ ਕਰਦੇ ਰਹੇ, ਪ੍ਰੰਤੂ ਕਿਚੰਤ ਚੋਜ ਸੰਤੁਸ਼ਟ ਨ ਰਹਿੰਦੇ ਹੋਏ ਪੂਰਬ ਜੁਗ-ਜਨਮਾਂ ਦੇ ਭਗਤ-ਜਨਾਂ ਨੇ ਅਵੱਸ਼ ਗੁਰੂ ਗ੍ਰਿਹ ਵਿਖੇ ਹੀ ਉਤਰ ਕੇ (ਜਨਮ ਲੈ ਕੇ) ਆਪਣੀ ਗੁਰਮਤਿ ਆਦ੍ਰਸ਼ੀ ਤੱਤ-ਕਲਿਆਣ ਪ੍ਰਾਪਤ ਕੀਤੀ। ਏਸੇ ਪ੍ਰਕਾਰ ਜਨਕ ਜੀ ਨੇ ਭੀ ਗੁਰਮੁਖ ਗੁਰ-ਦੀਖਿਆ ਦੁਆਰਾ ਹੀ ਪਰਮ ਪਦ ਪਾਇਆ। ਵਸ਼ਿਸ਼ਟ ਜੀ ਭਾਵੇਂ ਸ੍ਰੀ ਰਾਮ ਚੰਦਰ ਜੀ ਦੇ ਸਮੇਂ ਲੋਕਾਚਾਰ ਜਗਤ-ਗੁਰੂ ਬਣੇ, ਪ੍ਰੰਤੂ ਉਨ੍ਹਾਂ ਦੀ ਕਲਿਆਣ ਜਦ ਹੋਈ, ਗੁਰਮੁਖਿ ਗੁਰਦੀਖਿਆ ਦੁਆਰਾ ਹੀ ਹੋਈ, ਜੈਸੇ ਕਿ ਗੁਰਵਾਕ ਹੈ :-

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ।।
ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ।।
ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ।।
ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ।।
ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ।। ੧੩।।
(ਵਡਹੰਸ ਕੀ ਵਾਰ ਮਹਲਾ ੪, ਪੰਨਾ ੫੯੧)

ਗੁਰਮੁਖਿ ਪਦ ਦਾ ਭਾਵ-ਅਰਥ ਏਸ ਉਪਰਲੇ ਗੁਰਵਾਕ ਅੰਦਰ 'ਗੁਰ-ਉਪਦੇਸ਼' ਦੁਆਰਾ ਅਰਥਾਤ 'ਗੁਰ-ਸ਼ਬਦ' ਦਾ ਹੈ। ਤਾਤਪਰਜ ਇਹ ਕਿ ਉਪਰਲੇ ਗੁਰਵਾਕ ਵਿਚ ਦਰਸਾਏ ਭਗਤ ਪ੍ਰਹਿਲਾਦ, ਜਨਕ, ਵਿਸ਼ਿਸ਼ਟ, ਆਦਿ ਜਦ ਤਰੇ ਤਾਂ ਗੁਰ ਪ੍ਰਸਾਦੀ ਹੀ ਪਾਰ ਪਰੇ। ਗੁਰ-ਦੀਖਿਆ (ਗੁਰਮਤਿ ਨਾਮ) ਦੁਆਰਾ ਹੀ ਇਨ੍ਹਾਂ ਦਾ ਤੱਤ-ਨਿਸਤਾਰਾ ਹੋਇਆ। ਗੁਰਮੁਖਿ ਗੁਰੂ ਪਰਮ ਗੁਰੂ ਪਦ ਦੀ ਗੁਰੱਤਤਾ ਦਾ ਬੀਜ ਅੰਸ ਧੁਰ ਅਕਾਲ ਪੁਰਖ ਦੀ ਨਿਜ ਹਸਤੀ ਵਿਚ ਹੀ ਵਿਦਮਾਨ ਹੈ। ਜਦੋਂ ਗੁਰੂ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ ਤਦੋਂ ਹੀ ਇਸ ਗੁਰੱਤੱਤਾ ਨੂੰ ਬਿਸਥਾਰਤ ਕਰ ਸਕਦੇ ਹਨ। ਕਦੇ ਚੋਜ-ਚਮਤਕਾਰੀ ਚੁੰਭਕਾ ਦੁਆਰਾ ਵਿਰਲੀ ਵਿਰਲੀ ਥਾਈਂ ਪੈਜ ਪਰਤੌਂਗਿਆ ਬਿਸਥੀਰਨ ਕਰਨ ਲਈ ਜੈਸੇ :-

"ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ।।" (੪੫੧)

ਵਾਲੇ ਗੁਰਵਾਕ ਦੀ ਅਰਥ ਵਿਵਸਥਾ ਤੋਂ ਜ਼ਾਹਿਰ ਹੈ। ਭਗਤ ਅਵਤਾਰੀ ਚੋਜ ਚਮਤਕਾਰ ਕੇਵਲ ਭਗਤ ਜਨਾਂ ਦਾ ਉਧਾਰ ਕਰਨ ਨਮਿਤ ਹੀ ਗੁਰੂ ਅਕਾਲ ਪੁਰਖ ਦੀ ਕਲਾ-ਕਰਿਸ਼ਮਤਾ ਦੁਆਰਾ ਨਿਰੂਪਨ ਹੋਏ, ਮਜਮੂਈ ਤੌਰ ਤੇ ਸ੍ਰਿਸ਼ਟੀ ਮਾਤਰ ਦਾ ਉਧਾਰ ਕਰਨ ਨਮਿਤ ਗੁਰੂ ਅਕਾਲ ਪੁਰਖ ਨੇ ਆਪਣੀ ਪਰਮ ਗੁਰੱਤਤਾ ਵਾਲੀ ਦਿਬ-ਜੋਤੀ ਅੰਸ਼ ਨੂੰ ਕੇਵਲ ਇਸ ਕਲਿਜੁਗ ਵਿਖੇ ਹੀ ਦਸਾਂ ਗੁਰ-ਜਾਮਿਆਂ ਅੰਦਰ ਪੂਰਨ ਪ੍ਰਕਾਸ਼ ਪ੍ਰਗਾਸ ਕੇ ਪ੍ਰਤਿਬਿੰਬ ਕੀਤਾ, ਪਰ ਹਰ ਹਾਲਤ ਵਿਚ *"ਜੋਤਿ ਓਹਾ ਜੁਗਤਿ ਸਾਇ"* ਹੀ ਰਹੀ। ਹਾਂ *"ਸਹਿ ਕਾਇਆ ਫੇਰਿ ਪਲਟੀਐ"* ਵਾਲਾ ਅੰਤਰਾ ਭੇਦ ਰਖਣਾ ਹੀ ਗੁਰ-ਕਰਤਾਰੀ ਭਾਣੇ ਅੰਦਰ ਮਨਜ਼ੂਰ ਸੀ। ਧਰੂਅ, ਪ੍ਰਹਿਲਾਦ ਆਦਿਕ ਭਗਤਾਂ ਨੂੰ ਤਾਂ ਪਿਛਲੇ ਜਨਮਾਂ ਅੰਦਰ ਚੁੰਭਤ-ਕਾਰਕ ਜ਼ਹੂਰ ਜੋ ਹਾਜ਼ਰਾ ਹਜ਼ੂਰ ਅਕਾਲ ਪੁਰਖ ਮਈ ਪਰਮ ਗੁਰੂ ਜੋਤੀ ਸਰੂਪ ਦਾ ਹੋਇਆ, ਉਹ ਕੇਵਲ ਉਨ੍ਹਾਂ ਦੀ ਰਖਿਆ ਤੇ ਦੁਸ਼ਟ-ਦਮਨਤਾ ਨਮਿਤ ਹੀ ਉਸ ਜੁਗਿ ਕਾਲਿ ਅੰਦਰਿ ਹੋਇਆ। ਬਸ਼ਿਸ਼ਟ, ਬ੍ਰਹਮਾਦਿ, ਸਨਕ ਸੰਨਦਨੀ ਰਿਖੀਸ਼ਰਾ ਨੂੰ ਤਾਂ ਏਤਨੀ ਭੀ ਗੁਰਮੁਖ ਸਮੀਪਤਾ ਤੇ ਗੁਰਮੁਖਤਾ ਪ੍ਰਾਪਤ ਨਹੀਂ ਹੋਈ, ਪ੍ਰੰਤੂ ਸਾਰਿਆਂ ਨੂੰ ਹੀ ਅਨੰਤ ਕਲਾ ਪੂਰਨ ਗੁਰ ਪ੍ਰਕਾਸ਼ ਪਰਮ ਪਦ ਦਾ ਸਾਕਸ਼ਾਤਕਾਰ ਹੋਇਆ ਤਾਂ ਕੇਵਲ ਏਸੇ ਸਮੇਂ ਹੋਇਆ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਲੀ ਕਾਲ ਅੰਦਰ ਪੂਰਨ ਗੁਰੂ ਅਵਤਾਰ ਧਾਰਨ

(ਬਾਕੀ ਪੰਨਾ ੧੯ ਤੇ ...)


www.AKJ.Org

# ਸੀਸ ਦੀਆ ਪਰ ਸਿਰਰੁ ਨ ਦੀਆ

(ਪ੍ਰੋ: ਹਰਬੰਸ ਸਿੰਘ ਜੀ, ਲੁਧਿਆਣਾ)

ਅੱਜ ਤੋਂ ਪੰਜ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ ਤੇ ਰੱਬੀ ਪੁਰਖ ਨੇ ਨਨਕਾਣੇ ਵਿਚ ਪੈਰ ਧਰਿਆ। ਉਸ ਸਮੇਂ ਲੋਧੀਆਂ ਦਾ ਰਾਜ ਸੀ। ਜ਼ੋਰ ਜ਼ਬਰ ਤੇ ਜ਼ੁਲਮ ਦੇ ਸਤਾਏ ਲੋਕਾਂ ਦੀ ਅਵਾਜ਼ ਸੁਣ ਕੇ ਨਾਨਕ ਨਿਰੰਕਾਰੀ ਨੇ ਹਾਉਕਾ ਭਰਿਆ "ਕੂੜੁ ਫਿਰੈ ਪਰਧਾਨੁ ਵੇ ਲਾਲੋ ।" ਬੱਸ ਫੇਰ ਕੀ ਸੀ ? ਦੁਨੀਆਂ ਦੇ ਕੂੜਾਵੇ ਸੁੱਖ ਆਰਾਮ ਨੂੰ ਤਿਆਗ ਕੇ ਮਰਦ ਅੰਗਮੜਾ "ਚੜ੍ਹਿਆ ਸੋਧਣ ਧਰਤ ਲੁਕਾਈ।"

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ "ਧਰਮ ਪੰਖ ਕਰ ਉਡਰਿਆ" ਅਨੁਭਵ ਹੋਇਆ। ਉਹਨਾਂ ਪੰਡਤਾਂ ਮੌਲਾਣਿਆਂ ਜੋਗੀਆਂ ਆਦਿ ਨੂੰ ਫੋਕੇ ਕਰਮ ਕਾਂਡਾਂ, ਰਸਮਾਂ, ਵਹਿਮਾਂ, ਭਰਮਾਂ ਵਿੱਚ ਫਾਥੇ ਮਹਿਸੂਸ ਕੀਤਾ। ਉਹ ਲੋਕਾਂ ਨੂੰ "ਸੱਤਿ ਦਾ ਮਾਰਗ" ਦਸੱਣ ਲਈ ਮੱਕੇ ਮਦੀਨੇ, ਕੁਰਕਸ਼ੇਤਰ, ਹਰਦਵਾਰ, ਕਾਂਸ਼ੀ, ਆਸਾਮ, ਲੰਕਾ, ਸੁਮੇਰ ਪਰਬਤ ਆਦਿ ਦੁਰਾਡੇ ਦੇਸ਼ਾਂ ਧਰਮ ਅਸਥਾਨਾਂ, ਤੀਰਥਾਂ, ਮੱਠਾਂ ਅਤੇ ਮੰਦਰਾਂ ਵਿੱਚ ਗਏ ਅਤੇ ਲੋਕਾਂ ਨੂੰ ਸਤਿ ਦਾ ਰਸਤਾ ਦਿਖਾਇਆ। ਵਹਿਮਾਂ ਭਰਮਾਂ ਦੀਆਂ ਪੀਡੀਆਂ ਲੀਹਾਂ ਤੇ ਪੈ ਚੁੱਕੇ ਲੋਕਾਂ ਨੇ ਗੁਰੂ ਜੀ ਨੂੰ ਕੁਰਾਹੀਆ ਦੱਸਿਆ, ਕਿਉਂ ਜੋ ਉਹਨਾਂ ਨੂੰ ਸਰਬ ਸ਼ਕਤੀਮਾਨ ਅਕਾਲ ਪੁਰਖ "ਸਰਵ ਵਿਆਪਕ" ਅਨੁਭਵ ਨਹੀਂ ਸੀ ਹੋ ਰਿਹਾ। ਉਹ ਰੱਬ ਦਾ ਘਰ ਕੇਵਲ ਪੱਛਮ ਵੱਲ ਹੀ ਦੱਸ ਰਹੇ ਸਨ। ਪੂਰਬ ਦੇ ਪਾਂਡਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਮਲੇ ਨਜ਼ਰ ਆਏ ਕਿਉਂ ਜੋ ਉਹ ਬਾਕੀ ਲੋਕਾਂ ਤੋਂ ਉਲਟ ਸੂਰਜ ਵੱਲ ਨੂੰ ਪਾਣੀ ਉਛਾਲਣ ਦੀ ਥਾਂ ਪੱਛਮ ਵੱਲ ਨੂੰ ਸੁੱਟ ਰਹੇ ਸਨ। ਕਰਮ ਕਾਂਡੀ ਲੋਕ ਇਹ ਕਦ ਬਰਦਾਸ਼ਤ ਕਰ ਸਕਦੇ ਸਨ ਕਿ ਉਹਨਾਂ ਦੀ ਰਹੁ-ਰੀਤ ਤੋਂ ਉਲਟ ਕੋਈ ਮਨੁੱਖ ਹੋਰ ਦੀ ਹੋਰ ਗੱਲ ਕਰੇ ? ਧਰਮ ਦੇ ਠੇਕੇਦਾਰਾਂ ਨੂੰ ਰੋਹ ਚੜ੍ਹ ਗਿਆ। ਉਹਨਾਂ ਅਜਿਹੇ ਕਾਫਰ ਨੂੰ ਟੰਗੋ ਫੜ ਕੇ ਘਸੀਟਣ ਅਤੇ ਮਾਰ ਮੁਕਾਉਣ ਵਾਸਤੇ ਪੱਥਰ ਚੁੱਕ ਲਏ ਪਰ ਸਤਿਗੁਰੂ ਨਾਨਕ ਦੇਵ ਜੀ ਦਾ ਰਾਖਾ ਆਪ ਵਾਹਿਗੁਰੂ ਸੀ। ਉਹਨਾਂ ਦੇ 'ਧੰਨ ਨਿਰੰਕਾਰ' ! ਉਚਾਰਨ ਤੇ ਲੱਲੂ ਪੰਜੂ ਭੱਜ ਉਠੇ। ਹਾਂ ਹਾਂ ! ਸਿੰਘ (ਸ਼ੇਰ) ਤੇ ਹਰਨਾ ਦੀਆਂ ਡਾਰਾਂ ਨੂੰ ਭੱਜਦਿਆਂ ਰਾਹ ਨ ਲੱਭਾ। ਕਿਸੇ ਐਰੇ ਗੈਰੇ ਦੀ ਕੀ ਮਜ਼ਾਲ ਜੋ ਜ਼ਾਹਰਾ ਪਾਤਸ਼ਾਹ ਦੇ ਮਸੀਹ ਦੀ ਵਾ ਵੱਲ ਵੀ ਤਕੇ। ਸਤਿ ਦੇ ਅੱਗੇ ਕੂੜ ਨਾ ਠਹਿਰ ਸਕਿਆ। ਕੂੜ ਹਾਰ ਗਿਆ ਅਤੇ ਸਤਿ ਜਿੱਤ ਗਿਆ। ਜਿੱਧਰ ਵੀ ਨਾਨਕ ਨਿਰੰਕਾਰੀ ਨੇ ਮੁੱਖ ਕੀਤਾ, ਸਤਿ ਦੀ ਜੈ ਜੈ ਕਾਰ ਹੋਣ ਲੱਗ ਪਈ। ਕੌਡੇ ਵਰਗੇ ਰਾਖਸ਼ ਦੇਵਤੇ ਬਣ ਗਏ। ਸੱਜਣ ਜਿਹੇ ਠੱਗ ਸੇਵਾਦਾਰ ਹੋ ਨਿਬੜੇ ਤੇ ਮਲਕ ਭਾਗੋ ਜੇਹੇ ਗਰੀਬਾਂ ਦਾ ਲਹੂਪੀਣੇ ਧਰਮ ਦੀ ਕਿਰਤ ਕਰਨ ਅਤੇ ਵੰਡ ਕੇ ਛਕਣ ਲੱਗ ਪਏ। ਲੋਕੀਂ ਅਕਾਲ ਪੁਰਖ ਦੀ ਭੈ ਭਾਵਨੀ ਵਿੱਚ ਰਹਿਣ ਲੱਗ ਪਏ ਅਤੇ ਲੁੱਟ ਘਸੁੱਟ ਅਰ ਜ਼ੋਰ ਜ਼ੁਲਮ ਤੋਂ ਕੰਨੀ ਕਤਰਾਨ ਲੱਗ ਪਏ।

ਕਰਤਾਰੀ ਪੁਰਖ ਜਿੱਧਰ ਜਾਂਦਾ "ਸਤਿ ਕਰਤਾਰ ! "ਧੰਨ ਨਿਰੰਕਾਰ"! ਦੀ ਧੁੰਨ ਗੁੰਜਾਂਉਂਦਾ। ਇਸ ਧੁੰਨ ਨਾਲ ਲੋਕਾਂ ਤੇ ਜਾਦੂ ਵਰਗਾ ਅਸਰ ਹੁੰਦਾ। ਬਾਬੇ ਦੇ ਮੁਖਾਰ ਬਿੰਦ ਵਿਚੋਂ "ਧੁਰ ਕੀ ਬਾਣੀ" ਦੇ ਸ਼ਬਦ ਸੁਣ ਕੇ ਲੋਕਾਂ ਦੇ ਸੁੱਕੜ ਅਤੇ ਰਕੱੜ ਮਨਾਂ ਵਿੱਚ ਹੁਲਾਸ ਭਰ ਜਾਂਦਾ। ਬਾਬੇ ਨੇ ਥਾਂ ਥਾਂ, ਘਰ ਘਰ ਫਿਰ ਕੇ ਲੋਕਾਂ ਨੂੰ 'ਸਤਿ' ਦਾ ਸੁਨੇਹਾ ਦਿੱਤਾ। ਸਤਿ ਦੇ ਮਾਰਗ ਤੇ ਚੱਲਣ ਲਈ ਸਚਿਆਰ ਬਣਨ ਦਾ ਉਪਦੇਸ਼ ਦਿੱਤਾ।

ਨਾਨਕ ਲੋਕਾਂ ਲਈ ਚਾਨਣ ਮੁਨਾਰਾ ਬਣ ਗਿਆ। ਇੱਕ ਜੋਤ ਤੋਂ ਦੂਜੀ ਜੋਤ ਜਾਗੀ। ਕੇਵਲ ਸਰੀਰਕ ਚੋਲਾ ਹੀ ਬਦਲਿਆ। ਨਿਰੰਕਾਰੀ ਜੋਤ ਉਵੇਂ ਹੀ ਲਟ ਲਟ ਕਰਦੀ ਰਹੀ। ਲੋਕੀਂ ਆਪਣੇ ਜੀਵਨ ਦੇ ਬੇੜਿਆਂ ਨੂੰ ਇਸ ਚਾਨਣ ਮੁਨਾਰੇ ਤੋਂ ਰੋਸ਼ਨੀ ਲੈ ਕੇ ਮਾਇਆ ਦੀ ਜਿੱਲ੍ਹਣ ਤੋਂ ਬਚਾਉਂਦੇ ਹੋਏ ਸਿੱਧੇ ਗਾਡੀ ਰਾਹ ਤੇ ਤੁਰਦੇ ਰਹੇ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਜੀ, ਤੀਜੀ ਚੌਥੀ ਅਤੇ ਪੰਜਵੀਂ ਪਾਤਸ਼ਾਹੀ ਉਸੇ ਹੀ ਨਿਰੰਕਾਰੀ ਜੋਤ ਰਾਹੀਂ ਦੁਨੀਆਂ ਨੂੰ ਸਤਿ ਦਾ ਮਾਰਗ ਦਿਖਾਉਂਦੀ ਰਹੀ।

ਮੁਗਲ ਬਾਦਸ਼ਾਹ ਜਹਾਂਗੀਰ ਦੀਆਂ ਅੱਖਾਂ ਸਾਹਮਣੇ ਹਉਮੈ ਦੀ ਜਾਲਾ ਗੂੜ੍ਹਾ ਛਾਂ ਗਿਆ, ਉਸ ਨੂੰ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਮਿਸਨ "ਝੂਠ ਦੀ ਦੁਕਾਨ" ਭਾਸਣ ਲੱਗ ਪਿਆ ਅਤੇ ਉਸ ਨੇ ਇਸ ਕੁਫਰ ਨੂੰ ਬੰਦ ਕਰਨ ਦੀ ਪੱਕੀ ਠਾਣ ਲਈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਬੁਲਾਇਆ ਗਿਆ, ਉਹਨਾਂ ਦਾ ਸਾਰਾ ਮਾਲ ਮੱਤਾ ਕੁਰਕ ਕਰ ਲਿਆ ਗਿਆ। ਸਤਿਗੁਰੂ ਜੀ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ, ਗਰਮ ਗਰਮ ਰੇਤ ਸਿਰ ਵਿੱਚ ਪਾਇਆ ਗਿਆ, ਆਲੂਆਂ ਵਾਂਗ ਦੇਗ ਵਿੱਚ ਉਬਾਲਿਆ ਗਿਆ ਤਾਂ ਜੋ ਹਕੂਮਤ ਤੋਂ ਡਰ ਕੇ ਗੁਰੂ ਸਾਹਿਬ ਕੁਫਰ (ਪਰ ਅਸਲ ਵਿੱਚ ਸਤਿ) ਨੂੰ ਛੱਡ ਦੇਣ। ਨਿਰਭਉ, ਨਿਰਵੈਰ, "੧ਓ ਸਤਿਨਾਮ" ਨੂੰ



www.AKJ.Org

ਜਪਣ ਵਾਲੇ ਉਸ ਤੇ ਟੇਕ ਰੱਖਣ ਵਾਲੇ, ਸਤਿ ਦੇ ਮਾਰਗ ਨੂੰ ਕਿਵੇਂ ਤਿਆਗ ਸਕਦੇ ਸਨ ? ਉਹ ਤੇ ਆਪਣੇ ਸਿੱਖਾਂ ਨੂੰ "ਏਤਿ ਮਾਰਗ" ਜਾਣ ਦਾ ਪ੍ਰਦਰਸ਼ਨ (Demonstration) ਕਰ ਰਹੇ ਸਨ। ਉਹਨਾਂ ਦੇ ਹਿਰਦੇ ਵਿੱਚ ਧੁਰ ਨਿਰੰਕਾਰਦੀ ਦਰਗਾਹ ਤੋਂ ਆ ਰਿਹਾ ਸੁਨੇਹਾ (Message) ਗੂੰਜ ਰਿਹਾ ਸੀ :-

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।।
(ਮ: ੫, ਪੰਨਾ-੧੧੦੨)

ਇਸੇ ਸੁਨੇਹੇ ਸਦਕਾ ਹੀ ਉਹ ਅਲਾਪ ਰਹੇ ਸਨ-

"ਹਉ ਨਾ ਛੋਡਉ ਕੰਤ ਪਾਸਰਾ।।
ਸਦਾ ਰੰਗੀਲਾ ਲਾਲੁ ਪਿਆਰਾ,
ਏਹੁ ਮਹਿੰਜਾ ਆਸਰਾ।।"੧।।
(ਸੂਹੀ ਮ: ੫, ਪੰਨਾ-੭੬੧)

ਜ਼ਾਲਮ ਜ਼ੁਲਮ ਕਰਦਾ ਰਿਹਾ ਪਰ ਹੁਕਮੀ ਬੰਦਿਆਂ "ਧਰਮ" ਨਾ ਛਡਿਆ। ਰਾਜ਼ਕ ਦੀ ਰਜ਼ਾ ਵਿੱਚ ਰਾਜ਼ੀ ਰਹੇ। "ਤੇਰਾ ਕੀਆ ਮੀਠਾ ਲਾਗੈ" ਦਾ ਰਾਗ ਅਲਾਪਦੇ ਰਹੇ।

ਇਉਂ ਮਰਜੀਵੜਿਆਂ ਦੀ ਕੌਮ ਦੀ ਸਿਰਜਨਾ ਹੁੰਦੀ ਗਈ। ਛੇਵੀਂ, ਸੱਤਵੀਂ, ਅੱਠਵੀਂ ਅਤੇ ਨੌਂਵੀਂ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ "ਗੁਰਮੁਖ ਗਾਡੀ ਰਾਹ" ਨੂੰ ਪੈਡੇ ਦਰ ਪੈਡਾ ਰੁਸ਼ਨਾਉਂਦੇ ਗਏ।

ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਫਿਰ ਕਾਫਰਾਂ (ਹਿੰਦੂਆਂ) ਨੂੰ ਮੋਮਨ (ਮੁਸਲਮਾਨ) ਬਨਾਉਣ ਦਾ ਉਬਾਲ ਉੱਠਿਆ। ਉਸ ਨੇ ਇਸ ਕੰਮ ਲਈ ਆਪਣਾ ਸਭ ਤਾਣ ਲਾ ਦਿੱਤਾ। ਸਤਿ ਦਾ ਝੰਡਾ ਉਠਾਉਣ ਵਾਲੇ ਜ਼ੋਰ ਜ਼ੁਲਮ ਅੱਗੇ ਕਿਵੇਂ ਸਿਰ ਝੁਕਾ ਸਕਦੇ ਸਨ ? "ਸੀਸ ਦੀਆਂ ਪਰ ਸਿਰਰੁ ਨਾ ਦੀਆ।।" ਸਤਿਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਤਾਂ ਵਾਰ ਦਿੱਤਾ ਪਰ ਸਤਿ ਦੇ ਮਾਰਗ ਨੂੰ ਨਾ ਛੱਡਿਆ।

ਆਪਣੇ ਸਤਿਗੁਰੂ ਦੀ ਛਤਰ ਛਾਇਆ ਹੇਠ ਰਹਿਣ ਵਾਲਿਆਂ, ਆਪਣੇ ਸਤਿਗੁਰੂ ਦੇ ਪਗ ਚਿੰਨ੍ਹਾਂ (footprints) ਤੇ ਚੱਲਣ ਵਾਲਿਆਂ ਨੇ ਵੀ ਧਰਮ ਨੂੰ ਨਾ ਛਡਿਆ, ਮੁਸਲਮਾਨ ਨਾ ਬਣੇ। ਆਰਿਆਂ ਨਾਲ ਦੋਫਾੜ ਹੋਣਾ ਮੰਨ ਲਿਆ ਅਤੇ ਦੇਗ ਵਿੱਚ ਉਬਾਲੇ ਖਾਣੇ ਮਨਜ਼ੂਰ ਕਰ ਲਏ। ਸਿੱਖੀ ਸਿਦਕ ਨਿਭਾਉਂਦੇ ਹੋਏ ਭਾਈ ਮਤੀ ਦਾਸ ਆਰੇ ਨਾਲ ਚੀਰੇ ਗਏ, ਭਾਈ ਦਇਆਲਾ ਜੀ ਦੇਗ ਵਿੱਚ ਉਬਾਲੇ ਗਏ ਅਤੇ ਭਾਈ ਸਤੀ ਦਾਸ ਜੀ ਜੀਉਂਦੇ ਸਾੜੇ ਗਏ।

ਸਤਿਗੁਰੂ ਤੇਗ ਬਹਾਦਰ ਜੀ ਤੋਂ ਬਾਅਦ "ਨਿਰੰਕਾਰੀ ਜੋਤ" ਗੋਬਿੰਦ ਰਾਏ ਵਿੱਚ ਆ ਪਰਗਟ ਹੋਈ। ਦਸਮ ਪਿਤਾ ਨੇ ਰਾਜੇ ਸ਼ੀਂਹ ਮੁਕੱਦਮ ਕੁਤਿਆਂ ਦੀ ਧੱਕੜਸ਼ਾਹੀ ਤੋਂ ਗਰੀਬ ਜਨਤਾ ਨੂੰ ਬਚਾਉਣ ਖਾਤਰ ਅਤੇ ਸਤਿ ਦੇ ਨਿਸ਼ਾਨ (Flag) ਨੂੰ ਉਚਿਆਂ ਰੱਖਣ ਵਾਸਤੇ ਸਤਿ ਮਾਰਗੀ ਫੌਜਾਂ ਨੂੰ ਇੱਕਠੀਆਂ ਕਰਕੇ ਮੁੜ ਤਰਤੀਬ ਦਿੱਤੀ ਤੇ ਬਕਾਇਦਾ ਜੰਗ ਦੀਆਂ ਤਿਆਰਿਆਂ ਅਰੰਭ ਦਿੱਤੀਆਂ।

੧੬੯੯ ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ ਤੇ ਇੱਕ ਅਜੀਬ ਕੌਤਕ ਵਰਤਿਆ। 'ਖਾਲਸਾ' ਪ੍ਰਗਟ ਹੋ ਗਿਆ। ਸਧਾਰਨ ਨਰਮ ਲੋਹਾ ਪਾਣ ਚੜ੍ਹ ਕੇ ਸਖਤ ਹੋ ਗਿਆ। ਗਰੀਬੜੇ ਸਿੱਖ ਅੰਮ੍ਰਿਤ ਛਕ ਕੇ ਸਿੰਘ ਸੂਰਮੇ ਬਣ ਗਏ। ਆਪਣੇ ਗੁਰਦੇਵ ਵਲੋਂ ਰਹਿਤ ਧਾਰਨ ਕਰ ਕੇ "ਅਕਾਲੀ ਫੌਜ" ਦੇ ਪੱਕੇ ਸਿਪਾਹੀ ਬਣ ਗਏ। ਸ਼ਸਤਰਾਂ ਨਾਲ ਸਨੱਧ ਬੱਧ 'ਸੰਤ' ਖਾਲਸਾ ਫੌਜ ਦੇ ਸਿਪਾਹੀ ਹੋਣ ਕਰਕੇ "ਸੰਤ ਸਿਪਾਹੀ" ਅਖਵਾਉਣ ਲੱਗ ਪਏ। ਆਪ ਗੋਬਿੰਦ ਰਾਏ "ਆਪੇ ਗੁਰ, ਆਪੇ ਚੇਲਾ" ਦੀ ਪਿਰਤ ਪਾ ਕੇ ਗੋਬਿੰਦ ਸਿੰਘ ਬਣ ਗਿਆ। ਫਿਰ ਲੱਗੇ "ਰਣਜੀਤ ਨਗਾਰੇ" ਵੱਜਣ। ਅਕਾਲੀ ਫੌਜਾਂ ਦੀ ਚਹਿਲ ਪਹਿਲ, ਘੋੜਿਆਂ ਦੇ ਖੜਕਦੇ ਪੈੜਾਂ ਅਤੇ ਲਿਸ਼ਕਦੇ ਸ਼ਸਤਰਾਂ ਨੇ ਹਕੂਮਤ ਦੇ ਦਿਲ ਹਿਲਾ ਦਿਤੇ। ਆਪਣੇ ਬਾਬੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਾਂਗ ਸਤਿਗੁਰੂ ਗੋਬਿੰਦ ਸਿੰਘ ਨੇ ਵੀ ਦੁਸ਼ਮਣਾਂ ਨਾਲ ਲੋਹਾ ਲੈਣਾ ਅਰੰਭ ਦਿੱਤਾ।

"ਜਨ ਕਉ ਪ੍ਰਭ ਅਪਨੇ ਕਾ ਤਾਣੁ"। ਮੁਗਲ ਹਕੂਮਤ ਨੂੰ ਆਪਣੀਆਂ 'ਫੌਜਾਂ' ਦਾ ਮਾਣ, ਪਰ ਸਤਿਗੁਰੂ ਦਾ ਰਾਖਾ ਆਪ ਅਕਾਲ ਪੁਰਖ। ਨਿਰਭਉ ਨੂੰ ਜਪਣ ਵਾਲੇ ਭੈ ਰਹਿਤ ਹੋ ਕੇ ਜਰਵਾਣਿਆਂ ਨਾਲ ਟੱਕਰ ਲੈਂਦੇ ਰਹੇ। ਅਨੰਦਪੁਰ ਛੱਡ ਦਿੱਤਾ ਬੱਚੇ ਸ਼ਹੀਦ ਕਰਵਾ ਲਏ, ਮਾਤਾ ਜੀ ਦਾ ਵਿਛੋੜਾ ਸਹਿ ਲਿਆ, ਜੰਗਲਾਂ ਬੇਲਿਆਂ ਵਿੱਚ ਨੰਗੇ ਪੈਰੀਂ ਫਿਰਦੇ ਰਹੇ ਪਰ ਧਰਮ ਨਹੀਂ ਹਾਰਿਆ। ਆਪਣੇ ਸਿੱਖਾਂ ਨੂੰ ਧਰਮ ਤੇ ਦ੍ਰਿੜ ਰਹਿਣ ਦਾ ਸਬਕ ਸਿਖਾਉਂਦੇ ਰਹੇ। ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਣ ਦੀ ਮਸ਼ਕ (Training) ਕਰਵਾਉਂਦੇ ਰਹੇ। ਇਸੇ ਹੀ ਸਿਖਿਆ ਨੂੰ ਪੱਲੇ ਬੰਨ੍ਹ ਕੇ ਗੁਰੂ ਕੇ ਸਿੱਖਾਂ ਨੇ ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਮਾਤਾਵਾਂ ਨੇ ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾਏ, ਝੋਲੀਆਂ ਭਰਵਾਈਆਂ, ਆਦਰਾਂ ਦੇ ਗਲਾਂ ਵਿੱਚ

(ਬਾਕੀ ਪੰਨਾ ੧੩ ਤੇ ...)



www.AKJ.Org

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਦਰਸ਼ਨ

(ਪ੍ਰਿੰ: ਕੁਲਦੀਪ ਸਿੰਘ ਹਉਰਾ)

ਕਥਨੀ ਦੇ ਪੂਰੇ ਤੇ ਕਰਨੀ ਦੇ ਸੂਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੋ ਕੁਝ ਆਪਣੀ ਬਾਣੀ ਵਿੱਚ ਫੁਰਮਾਇਆ, ਉਹ ਇੰਨ-ਬਿੰਨ ਆਪਣੇ ਜੀਵਨ ਵਿੱਚ ਕਮਾਇਆ ਵੀ। ਆਪ ਕਰਮ ਯੋਗੀ ਸਨ ਤੇ ਫੋਕੇ ਕਰਮ-ਕਾਂਡਾਂ ਵਿੱਚ ਆਪ ਦਾ ਕੋਈ ਵਿਸ਼ਵਾਸ ਨਹੀ ਸੀ। ਆਪ ਨੇ ਤੀਰਥ ਕਰਕੇ, ਵਰਤ ਰੱਖ ਕੇ ਤੇ ਦਾਨ ਕਰਕੇ ਮਨ ਵਿੱਚ ਅਹੰਕਾਰ ਕਰਨ ਵਾਲਿਆਂ ਨੂੰ ਸਪਸ਼ਟ ਸ਼ਬਦਾਂ ਵਿੱਚ ਆਖਿਆ ਕਿ ਇਸ ਤਰਾਂ ਕਰਕੇ ਤੁਸੀਂ ਆਪਣਾ ਜੀਵਨ ਨਿਹਫਲ ਗੁਆ ਰਹੇ ਹੋ :-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ।।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ।।੪੬।।"

ਆਪ ਜੀ ਦੇ ਮਨ, ਬਚਨ ਤੇ ਕਰਮ ਵਿੱਚ ਇਕਸਾਰਤਾ ਸੀ ਤੇ ਉਹ ਸਭ ਨੂੰ ਇਹੋ ਕੁਝ ਕਰਨ ਲਈ ਕਿਹਾ ਕਰਦੇ ਸਨ। ਆਪਨੇ ਕੋਈ ਉਪਦੇਸ਼ ਅਜਿਹਾ ਨਹੀਂ ਦਿੱਤਾ ਜੋ ਆਪਣੇ ਜੀਵਨ ਵਿੱਚ ਆਪਣੇ ਉੱਤੇ ਨਾ ਹੰਢਾਇਆ ਹੋਵੇ। ਆਪ ਸ੍ਵੈ-ਇਛਿਆ ਨਾਲ ਨੇਕ ਕੰਮਾਂ ਵਿੱਚ ਸ਼ਾਮਲ ਹੋਣ ਨੂੰ ਹੀ ਠੀਕ ਸਮਝਦੇ ਸਨ। ਆਮ ਲੋਕ ਉਹ ਕਰਮ ਤਾਂ ਕਰਦੇ ਹੀ ਹਨ, ਜਿਨ੍ਹਾਂ ਦੇ ਕਰਨ ਨਾਲ ਉਨ੍ਹਾਂ ਨੂੰ ਨਿੱਜੀ ਲਾਭ ਹੋਵੇ ਪਰ ਜਾਨੀ ਤੇ ਮਾਲੀ ਹਾਨੀ ਨੂੰ ਵੇਖਦੇ ਹੋਇਆਂ ਵਿਰਲੇ ਮਹਾਂਪੁਰਸ਼ ਹੀ ਸ਼ੁਭ-ਕਰਮ ਕਰਦੇ ਹਨ। ਲੋਕ-ਭਲਾਈ ਤੇ ਲੋਕ-ਸੇਵਾ ਗੁਰੂ ਸਾਹਿਬ ਦਾ ਇਸ਼ਕ ਸੀ। ਲੋਕਾਂ ਦੀਆਂ ਆਰਥਿਕ ਕਠਿਨਾਈਆਂ ਦੀ ਨਿਵਿਰਤੀ ਕਰਨਾ ਉਹ ਆਪਣਾ ਪਰਮ ਧਰਮ ਸਮਝਦੇ ਸਨ। ਆਪ ਨੇ ਲੋਕਾਂ ਦੇ ਢੱਠੇ ਘਰ ਉਸਾਰਨ ਵਾਸਤੇ ਉਹਨਾਂ ਨੂੰ ਮਾਇਕ ਸਹਾਇਤਾ ਦਿੱਤੀ। ਪੀਣ ਵਾਲੇ ਪਾਣੀ ਤੇ ਸਿੰਚਾਈ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਆਪ ਨੇ ਖੂਹ ਲਗਵਾਏ। ਕਈਆਂ ਲੋੜਵੰਦਾਂ ਨੂੰ ਜ਼ਮੀਨ ਤੇ ਖੇਤੀ-ਬਾੜੀ ਦੇ ਸੰਦ ਵੀ ਦਿਤੇ। ਦਿਲਵਾਂ ਪਿੰਡ ਵਿੱਚ ਦੁੱਧ ਦੀ ਥੁੜ ਨੂੰ ਅਨੁਭਵ ਕਰਦਿਆਂ ਹੋਇਆਂ ਆਪ ਨੇ ੧੦੦ ਗਊਆਂ ਮੰਗਵਾ ਕੇ ਲੋੜਵੰਦਾਂ ਵਿੱਚ ਵੰਡ ਦਿੱਤੀਆਂ। ਇਸ ਤਰ੍ਹਾਂ ਉਹ ਸਦਾ ਹੀ ਲੋਕ-ਭਲਾਈ ਤੇ ਲੋਕ-ਸੇਵਾ ਦੇ ਕਾਰਜਾਂ ਵਿੱਚ ਜੁਟੇ ਰਹਿੰਦੇ। ਆਪ ਦੀ ਪ੍ਰਬਲ ਇਛਿਆ ਹੁੰਦੀ ਸੀ ਕਿ ਸਮਾਜਕ, ਘਰੋਗੀ ਤੇ ਰਾਜਸੀ ਝਗੜਿਆਂ ਨੂੰ ਸ਼ਾਂਤੀ ਤੇ ਸਦਭਾਵਨਾ ਨਾਲ ਮਿਲ-ਜੁਲ ਕੇ ਨਜਿੱਠ ਲਿਆ ਜਾਵੇ। ਫਰਵਰੀ ੧੬੬੯ ਵਿੱਚ ਬ੍ਰਹਮਪੁਤਰ ਦਰਿਆ ਦੇ ਕੰਢੇ ਧੋਬੜੀ ਨਾਂ ਦੀ ਥਾਂ ਤੇ ਕੈਂਪ ਕਰਕੇ ਆਪ ਨੇ ਮੁਗਲ ਫੌਜਾਂ ਦੇ ਕਮਾਂਡਰ ਰਾਜਾ ਰਾਮ ਸਿੰਘ ਤੇ ਆਸਾਮੀ ਸੈਨਾ ਦੇ ਰਾਜਾ ਚਕਰ ਧਵਜ ਸਿੰਘ ਵਿੱਚ ਸੁਲਾਹ ਕਰਵਾ ਦਿੱਤੀ ਤੇ ਬਹੁਤ ਸਾਰੇ ਲੋਕਾਂ ਦਾ ਖ਼ੂਨ ਡੁਲ੍ਹਣ ਤੋਂ ਬਚਾ ਲਿਆ। ਆਪ ਨੇ ਦੋਹਾਂ ਫੌਜਾਂ ਦੀ ਸ਼ਕਤੀ ਦਾ ਠੀਕ ਉਪਯੋਗ ਕਰਵਾ ਕੇ ਉਨ੍ਹਾਂ ਨੂੰ ਸੇਵਾ ਵਿੱਚ ਲਗਵਾ ਦਿੱਤਾ ਤੇ ਇੱਕ ਬਹੁਤ ਵੱਡਾ ਥੜ੍ਹਾ ਬਣਵਾਇਆ, ਜਿਸ ਦਾ ਨਾਮ ਹੁਣ 'ਦਮਦਮਾ ਸਾਹਿਬ' ਹੈ। ਇਹ ਅਸਥਾਨ ਸ਼ਾਂਤੀ ਤੇ ਸਦਭਾਵਨਾ ਦਾ ਪ੍ਰਤੀਕ ਹੈ। ਗੁਰੂ ਸਾਹਿਬ ਸ਼ਾਂਤੀ ਦੇ ਦੂਤ ਤੇ ਸਦਭਾਵਨਾ ਦੇ ਪੁਤਲੇ ਸਨ। ਉਹ ਸਦਾ ਸ਼ਾਂਤੀ ਤੇ ਅਮਨ ਦਾ ਹੀ ਪ੍ਰਚਾਰ ਕਰਦੇ ਰਹੇ। ਸ਼ਾਂਤੀ ਕਾਇਮ ਕਰਨ ਖਾਤਰ ਹੀ ਉਨ੍ਹਾਂ ਨੂੰ ਆਪਣੀ ਕੁਰਬਾਨੀ ਦੇਣੀ ਪਈ ਸੀ। ਆਪ ਨੇ ਮਨੁੱਖੀ-ਖ਼ੂਨ ਦੀ ਹੋਲੀ ਖੇਡੇ ਜਾਣ ਤੋਂ ਬਚਾਉਣ ਲਈ ਹੀ ਆਪਣੇ ਜੀਵਨ ਦਾ ਬਲੀਦਾਨ ਹੱਸਦਿਆਂ ਹੋਇਆਂ ਦੇ ਦਿੱਤਾ। ਆਪਣੀ ਜਾਨ ਦੀ ਵੱਡਮੁਲੀ ਕੁਰਬਾਨੀ ਦੇ ਕੇ ਸਾਬਤ ਕਰ ਦਿੱਤਾ ਕਿ ਮਹਾਂਪੁਰਖ ਦੂਸਰਿਆਂ ਦੀਆਂ ਜਾਨਾਂ ਬਚਾਉਣ ਖਾਤਰ ਆਪਣਾ ਬਲੀਦਾਨ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ। ਉਹ ਚਾਹੁੰਦੇ ਤਾਂ ਆਪਣਾ ਜੀਵਨ ਸੁੱਰਖਿਅਤ ਰੱਖ ਸਕਦੇ ਸਨ। ਜ਼ੁਲਮ ਦਾ ਟਾਕਰਾ ਹੋਰ ਢੰਗ ਨਾਲ ਵੀ ਕੀਤਾ ਜਾ ਸਕਦਾ ਸੀ।

ਗੁਰੂ ਨਾਨਕ ਸਾਹਿਬ ਤੋਂ ਪਿਛੋਂ ਧਰਮ-ਪ੍ਰਚਾਰ ਖਾਤਰ ਭਾਵੇਂ ਗੁਰੂ ਹਰਿ ਗੋਬਿੰਦ ਸਾਹਿਬ ਵੀ ਹੋਰਨਾਂ ਥਾਵਾਂ ਤੇ ਗਏ ਸਨ ਪਰ ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਧਰਮ-ਪ੍ਰਚਾਰ ਦੌਰੇ ਦੂਰ-ਦਰਾਜ਼ ਸਥਾਨਾਂ ਤੱਕ ਕੀਤੇ। ਧਰਮ ਪ੍ਰਚਾਰ ਦੇ ਇਨ੍ਹਾਂ ਦੌਰਿਆਂ ਦੀ ਸਫਲਤਾ ਨੂੰ ਵੇਖ ਕੇ ਹੀ ਸਰਕਾਰੀ ਕਰਮਚਾਰੀਆਂ ਦੇ ਮਨਾਂ ਵਿੱਚ ਕਈ ਪ੍ਰਕਾਰ ਦੇ ਤੌਖਲੇ ਪੈਦਾ ਹੋ ਗਏ। ਗੁਰੂ ਸਾਹਿਬ ਦੇ ਪ੍ਰਚਾਰ-ਦੌਰੇ ਸਦਾ ਚੜ੍ਹਤੀ ਕਲਾ ਵਾਲੇ ਤੇ ਚਿੱਤ-ਹੁਲਸਾਊ ਹੁੰਦੇ ਸਨ। ਆਪ ਜੀ ਨੇ ਸਿੱਖਾਂ ਨੂੰ ਜਥੇਬੰਦ ਕਰਨ ਵੱਲ ਵੀ ਉਚੇਚਾ ਧਿਆਨ ਦਿੱਤਾ। ਇਤਿਹਾਸਕਾਰ ਗੁਲਾਮ ਹੁਸੈਨ ਅਨੁਸਾਰ ਉਸ ਸਮੇਂ ਸਿੱਖਾਂ ਦਾ ਸੰਗਠਨ ਇਤਨਾ ਪੱਕਾ ਹੋ ਚੁੱਕਾ ਸੀ ਕਿ ਸਰਕਾਰ ਨੂੰ ਡਰ ਪੈਦਾ ਹੋ ਗਿਆ ਸੀ ਕਿ ਕਿਤੇ ਇਹ ਸੰਗਠਨ ਇਤਨਾ ਪੱਕਾ ਹੋ ਕੇ ਸਾਮਰਾਜ ਸ਼ਾਹੀ ਨੂੰ ਢਾਹ ਹੀ ਨਾ ਲਾ ਦੇਵੇ। ਪਰ ਗੁਰੂ ਸਾਹਿਬ ਦਾ ਮਨੋਰਥ ਤਾਂ ਸੱਚ ਤੇ ਸ਼ਾਂਤੀ ਦਾ ਪ੍ਰਚਾਰ ਕਰਨਾ ਸੀ। ਉਹ ਤਾਂ ਸੱਚ ਦੇ ਢੰਡੋਰਚੀ ਤੇ ਸ਼ਾਂਤੀ ਦੇ



www.AKJ.Org

ਪ੍ਰਚਾਰਕ ਸਨ। ਉਨ੍ਹਾਂ ਦਾ ਮਕਸਦ ਰਾਜ ਵਿੱਚ ਅਰਾਜਕਤਾ ਫੈਲਾਉਣਾ ਨਹੀਂ ਸੀ। ਉਹ ਤਾਂ ਜ਼ੁਲਮ ਵਿਰੁੱਧ ਸਿੱਖ ਸੰਗਤਾਂ ਨੂੰ ਸਾਵਧਾਨ ਕਰਨਾ ਚਾਹੁੰਦੇ ਸਨ। ਇਸੇ ਲਈ ਕਸ਼ਮੀਰੀ ਪੰਡਿਤ ਉਨ੍ਹਾਂ ਪਾਸ ਆਪਣੀ ਪੁਕਾਰ ਲੈ ਕੇ ਜਦੋਂ ਹਾਜ਼ਰ ਹੋਏ ਤਾਂ ਗੁਰੂ ਜੀ ਨੇ ਉਨ੍ਹਾਂ ਦੇ ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦੇਣ ਦੀ ਪੇਸ਼ਕਸ਼ ਕਰ ਦਿੱਤੀ। ਇਸੇ ਤਰ੍ਹਾਂ ਸੰਬੰਧੀਆਂ ਦੀ ਈਰਖਾ ਦਾ ਟਾਕਰਾ ਵੀ ਆਪਣੇ ਸਹਿਨਸ਼ੀਲਤਾ ਤੇ ਸ਼ਾਂਤੀ ਦੇ ਹਥਿਆਰਾਂ ਨਾਲ ਕੀਤਾ। ਧੀਰ ਮੱਲ ਨੇ ਗੁਰ-ਗੱਦੀ ਪ੍ਰਾਪਤ ਕਰਨ ਵਾਸਤੇ ਗੁਰੂ ਸਾਹਿਬ ਵਿਰੁੱਧ ਆਪਣੇ ਯਤਨ ਜਾਰੀ ਰੱਖੇ ਹੋਏ ਸਨ। ਬਕਾਲੇ ਵਿੱਚ ੨੨ ਭੇਖੀ-ਗੁਰੂ ਮੰਜੀਆਂ ਲਗਾ ਕੇ ਬੈਠ ਗਏ, ਜਿਨ੍ਹਾਂ ਵਿਚੋਂ ਧੀਰ ਮੱਲ ਮੁਖੀ ਸੀ। ਈਰਖਾ ਵਸ ਉਸ ਨੇ ਸ਼ੀਂਹੇ ਮਸੰਦ ਰਾਹੀਂ ਗੁਰੂ ਸਾਹਿਬ ਉਤੇ ਗੋਲੀ ਵੀ ਚਲਵਾਈ, ਜਿਸ ਨਾਲ ਗੁਰੂ ਸਾਹਿਬ ਦਾ ਦਾ ਮੋਢਾ ਮਾਮੂਲੀ ਜਿਹਾ ਜ਼ਖਮੀ ਹੋ ਗਿਆ। ਸ਼ਸਤਰ-ਧਾਰੀ ਸ਼ਰਧਾਲੂ ਸਿੱਖ ਮੌਕੇ ਤੇ ਪੁੱਜ ਜਾਣ ਕਰਕੇ ਗੁਰੂ-ਧਰੋਹੀ ਭੱਜ ਗਏ ਤੇ ਜਾਂਦਿਆਂ ਹੋਇਆਂ ਆਪਣਾ ਮਾਲ-ਸਾਮਾਨ ਵਿਚੇ ਹੀ ਛੱਡ ਗਏ। ਪਰ ਖਿਮਾਂ ਦੇ ਮਾਲਕ ਤੇ ਸ਼ਾਂਤੀ ਦੇ ਦੂਤ ਸਤਿਗੁਰੂ ਨੇ ਨਾ ਸਿਰਫ ਉਹਨਾਂ ਨੂੰ ਖਿਮਾਂ ਹੀ ਕਰ ਦਿੱਤਾ, ਸਗੋਂ ਧੀਰ ਮੱਲ ਆਦਿ ਗੁਰ-ਧਰੋਹੀਆਂ ਦੀਆਂ ਵਸਤੂਆਂ ਵੀ ਮੁੜਵਾ ਦਿੱਤੀਆਂ। ਸ਼ਾਂਤੀ ਤੇ ਖਿਮਾਂ ਦੀ ਇਸ ਤੋਂ ਵੱਡੀ ਉਦਾਹਰਣ ਕੀ ਹੋ ਸਕਦੀ ਹੈ ਕਿ ਜਾਨੀ-ਸ਼ਤਰੂਆਂ ਨੂੰ ਵੀ ਵਿਸ਼ਾਲ ਹਿਰਦੇ ਦੀ ਵਿਸ਼ਾਲਤਾ ਦੁਆਰਾ ਖਿਮਾਂ ਕਰ ਦਿੱਤਾ ਤੇ ਮੱਥੇ ਵੱਟ ਤੱਕ ਨਾ ਪਾਇਆ।

ਇਹੋ ਜਿਹੀ ਖੂਬੀ ਐਂਵੇ ਨਹੀਂ ਆ ਜਾਂਦੀ ਸਗੋਂ ਇਹ ਕੁਝ, ਉਹ ਵਿਅਕਤੀ ਹੀ ਕਰ ਸਕਦਾ ਹੈ, ਜਿਸਦਾ ਜੀਵਨ ਟੀਚਾ ਬਹੁਤ ਮਹਾਨ ਹੋਵੇ। ਆਪਣੀਆਂ ਭਾਵਨਾਵਾਂ ਉੱਤੇ ਕਾਬੂ ਹੋਣਾ, ਮਨੁੱਖੀ-ਮਨ ਦੀ ਇਕ ਬੜੀ ਵੱਡੀ ਪ੍ਰਾਪਤੀ ਹੈ। ਜਦੋਂ ਗੁਰੂ ਸਾਹਿਬ ਬਾਬਾ ਬਕਾਲਾ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਦਿਲ ਦੇ ਖੋਟੇ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਕਿਵਾਰ ਬੰਦ ਕਰ ਲਏ ਤਾਂ ਸ਼ਾਂਤੀ ਦੇ ਮੁਜਸਮੇ ਸਤਿਗੁਰੂ ਤੇਗ ਬਹਾਦਰ ਜੀ ਨੇ ਬਾਹਰ ਬੈਠ ਕੇ ਹੀ ਆਪਣੇ ਅਕੀਦਤ ਦੇ ਫੁੱਲ ਭੇਟ ਕੀਤੇ ਅਤੇ ਸਿੱਖ-ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਵੱਲੇ ਪਿੰਡ ਆ ਦਰਸ਼ਨ ਦਿਤੇ। ਅਜਿਹਾ ਕੁਝ ਉਹ ਮਹਾਨ ਵਿਅਕਤੀ ਹੀ ਕਰ ਸਕਦਾ ਹੈ, ਜਿਸ ਨੇ ਮਨ ਵਿੱਚ ਇਹ ਤੱਤ ਕੱਢਿਆ ਹੋਵੇ ਕਿ ਦੁੱਖ ਤੇ ਸੁੱਖ ਵਿੱਚ ਇਕ ਸਮਾਨ ਰਹਿਣਾ ਹੈ ਤੇ ਜਿਸਦੇ ਲਈ ਮਾਨ ਤੇ ਅਪਮਾਨ ਵਿੱਚ ਕੋਈ ਅੰਤਰ ਨਹੀਂ। ਆਪ ਜੀ ਦਾ ਹੀ ਕਥਨ ਹੈ।

"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥
(ਪੰਨਾ-੨੧੯)

ਵੱਲੇ ਤੋਂ ਸੰਗਤਾਂ ਨੂੰ ਗੁਰ-ਉਪਦੇਸ਼ ਦੇ ਕੇ ਜਦ ਆਪ ਕੀਰਤਪੁਰ ਵੱਲ ਜਾਣ ਦੇ ਇਰਾਦੇ ਨਾਲ ਉਧਰ ਗਏ ਤਾਂ ਮੋਹ ਮਾਇਆ 'ਚ ਗ੍ਰਸੇ ਹੋਏ, ਈਰਖਾ ਤੇ ਸਾੜੇ ਨਾਲ ਤਪਦੇ-ਲੁਝਦੇ ਧੀਰਮੱਲ ਨੇ ਜਦ ਰੋਕ ਪਾਈ ਤਾਂ ਸ਼ਾਂਤੀ ਦੇ ਪੁੰਜ ਸਤਿਗੁਰੂ ਨੇ ਕਹਿਲੂਰ ਰਿਆਸਤ ਦੇ ਰਾਜੇ ਪਾਸੋਂ ੨੨੦੦ ਰੁਪਏ ਦੀ ਜਗ੍ਹਾ ਮੁੱਲ ਲੈ ਕੇ ਉਥੇ ਆਪਣੇ ਮਾਤਾ ਜੀ ਦੇ ਨਾਂ ਉਤੇ "ਨਾਨਕੀ ਚੱਕ" ਨਾਂ ਦਾ ਨਵਾਂ ਨਗਰ ਆਬਾਦ ਕੀਤਾ ਜੋ ਹੁਣ ਆਨੰਦਪੁਰ ਸਾਹਿਬ ਦੇ ਨਾਂ ਨਾਲ ਜਗਤ ਪ੍ਰਸਿੱਧ ਹੈ। ਆਪ ਸਦਾ ਹੀ ਝਗੜੇ ਤੇ ਵਿਵਾਦ ਤੋਂ ਮੁਕਤ ਰਹਿਣਾ ਚਾਹੁੰਦੇ ਸਨ, ਕਿਉਂਕਿ ਆੱਪ ਅਮਨ ਤੇ ਸ਼ਾਂਤੀ ਦੇ ਚਾਹਵਾਨ ਸਨ। ਆਪ ਜੀ ਦਾ ਜੀਵਨ-ਦਰਸ਼ਨ ਕਿਸੇ ਅਗਿਆਤ ਕਵੀ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਪਤਾ ਲੱਗ ਜਾਂਦਾ ਹੈ, ਜਿਨ੍ਹਾਂ ਵਿੱਚ ਕਵੀ ਨੇ ਮਨੁੱਖ-ਮਨ ਨੂੰ ਪ੍ਰਭੂ ਦੇ ਚਰਨ-ਕੰਵਲਾਂ ਨਾਲ ਜੋੜਨ, ਮਨ ਦੀਆਂ ਬੁਰਿਆਈਆਂ ਨੂੰ ਗੁਰਸ਼ਬਦ ਦੁਆਰਾ ਹੋੜਨ ਅਤੇ ਜਿਨ੍ਹਾਂ ਦੀ ਬਾਂਹ ਫੜੀ ਹੋਵੇ, ਸਿਰ ਦੇ ਕੇ ਵੀ ਉਨ੍ਹਾਂ ਦੀ ਰੱਖਿਆ ਕਰਨ ਅਤੇ ਧਰਮ ਉਤੇ ਪੱਕੇ ਪੈਰੀਂ ਖੜੋਣ ਦਾ ਜ਼ਿਕਰ ਕੀਤਾ ਗਿਆ ਹੈ। ਉਹ ਤੁਕਾਂ ਇਸ ਤਰ੍ਹਾਂ ਹਨ-

"ਚਿਤ ਚਰਨ ਕਮਲ ਕਾ ਆਸਰਾ
ਚਿਤ ਚਰਨ ਕਮਲ ਸੰਗਿ ਜੋੜੀਐ॥
ਮਨ ਲੋਚੈ ਬੁਰਿਆਈਆਂ ਗੁਰ ਸ਼ਬਦੀ ਇਹੁ ਮਨ ਹੋੜੀਐ॥
ਬਾਂਹ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ"॥
ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋੜੀਐ॥"

ਜੀਵਨ ਦੀ ਅਸਥਿਰਤਾ ਬਾਰੇ ਆਪ ਦੇ ਮਨ ਵਿੱਚ ਕੋਈ ਸ਼ੰਕਾਂ ਨਹੀਂ ਸੀ। ਉਹ ਜਗਤ ਨੂੰ ਮਿਥਿਆ ਸਮਝਦੇ ਹੋਏ, ਪ੍ਰਭੂ ਦੀ ਸ਼ਰਨ ਵਿੱਚ ਆਉਣ ਦੀ ਸਿੱਖਿਆ ਦੇਂਦੇ ਹੋਏ 'ਗਉੜੀ ਮਹਲਾ ੯' ਵਿੱਚ ਫੁਰਮਾਉਂਦੇ ਹਨ-

'ਸਾਧੋ ਰਚਨਾ ਰਾਮ ਬਨਾਈ"॥
ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ॥੧॥ ਰਹਾਉ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ


www.AKJ.Org

ਹਰਿ ਮੂਰਤਿ ਬਿਸਰਾਈ।।
ਝੂਠਾ ਤਨੁ ਸਾਚਾ ਕਰਿ ਮਾਨਿਓ
ਜਿਉ ਸੁਪਨਾ ਰੈਨਾਈ।।੧।।
ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ।।
ਜਨ ਨਾਨਕ ਜਗੁ ਜਾਨਿਓ
ਮਿਥਿਆ ਰਹਿਓ ਰਾਮ ਸਰਨਾਈ।।੨।।੨।।

(ਪੰਨਾ-੨੧੯)

ਆਪ ਜੀ ਦੀ ਰਚਨਾ ਵਿੱਚ ਮਨੁੱਖੀ-ਰਿਸ਼ਤਿਆਂ ਬਾਰੇ ਬੜਾ ਯਥਾਰਥਕ ਬਿਆਨ ਹੈ, ਉਨ੍ਹਾਂ ਦਾ ਕਥਨ ਹੈ ਕਿ ਸੰਸਾਰੀ ਰਿਸ਼ਤੇਦਾਰ ਕੇਵਲ ਸੁੱਖ ਦੇ ਹੀ ਭਾਈਵਾਲ ਹਨ, ਬਿਪਤਾ ਪੈਣ ਤੇ ਕੋਈ ਨੇੜੇ ਨਹੀਂ ਢੁੱਕਦਾ। ਆਪ ਦਾ ਉਪਦੇਸ਼ ਹੈ ਕਿ ਕਿਸੇ ਨਾਸ਼ਵਾਨ-ਆਸਰੇ ਦੀ ਥਾਂ ਅਬਿਨਾਸੀ ਵਾਹਿਗੁਰੂ ਦਾ ਆਸਰਾ ਲੈਣਾ ਚਾਹੀਦਾ ਹੈ -

(੧) "ਜਗਤ ਮੈ ਝੂਠੀ ਦੇਖੀ ਪ੍ਰੀਤਿ।।
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ।।੧।। ਰਹਾਉ।।"

(ਪੰਨਾ-੫੩੬)

(੨) ਪੂਤ ਮੀਤ ਮਾਇਆ ਮਮਤਾ ਸਿਉ
ਇਹ ਬਿਧਿ ਆਪੁ ਬੰਧਾਵੈ।।
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ,
ਦੇਖਿ ਤਾਸਿ ਉਠਿ ਧਾਵੈ।।੧।।"

(ਪੰਨਾ ੨੧੯)

(੩) ਦਾਰਾ ਮੀਤ ਪੂਤ ਰਥ ਸੰਪਤਿ
ਧਨ ਪੂਰਨ ਸਭ ਮਹੀ।।
ਅਵਰ ਸਗਲ ਮਿਥਿਆ ਏ ਜਾਨਉ
ਭਜਨੁ ਰਾਮੁ ਕੋ ਸਹੀ।।੧।।

(ਪੰਨਾ-੬੩੧)

ਗੁਰੂ ਸਾਹਿਬ ਦਾ ਮਹਾਨ ਆਦਰਸ਼ ਹੈ ਕਿ ਮਨੁੱਖ ਨੂੰ ਮੌਤ ਨੂੰ ਸਦਾ ਯਾਦ ਤਾਂ ਰੱਖਣਾ ਚਾਹੀਦਾ ਹੈ ਪਰ ਉਸ ਤੋਂ ਡਰਨਾ ਨਹੀਂ ਚਾਹੀਦਾ। ਮੌਤ ਤਾਂ ਅੱਟਲ ਸਚਾਈ ਹੈ, ਜੋ ਟਾਲੀ ਨਹੀਂ ਜਾ ਸਕਦੀ, ਫੇਰ ਇਸ ਦੀ ਚਿੰਤਾ ਕਿਉਂ ਕੀਤੀ ਜਾਵੇ। "ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ" ਇਹ ਆਦਰਸ਼ ਆਪ ਨੇ ਸਮੁੱਚੇ ਜੀਵਨ ਵਿੱਚ ਅਪਣਾਈ ਰਖਿਆ। ਇਸੇ ਕਰਕੇ ਉਹ ਸਦਾ ਸ਼ਾਂਤ-ਚਿੱਤ ਰਹਿੰਦੇ ਸਨ। ਇਹੋ ਕਾਰਨ ਹੈ ਕਿ ਮਜ਼ਲੂਮਾਂ ਖਾਤਰ ਆਪਣੀ ਕੁਰਬਾਨੀ ਦੇਣ ਸਮੇਂ ਉਨ੍ਹਾਂ ਨੇ ਰਤਾ ਵੀ ਰੰਜ, ਮਲਾਲ ਜਾਂ ਗਮ ਨਹੀਂ ਕੀਤਾ ਸਗੋਂ ਖਿੜੇ ਮੱਥੇ ਸ਼ਹੀਦੀ ਦਿੱਤੀ। ਨਿਰਭੈ ਮਨੁੱਖ ਨੂੰ ਹੀ ਉਹ ਗਿਆਨੀ ਮੰਨਦੇ ਹਨ। ਉਹ ਆਪ ਬ੍ਰਹਮ ਗਿਆਨੀ ਸਨ, ਜਿਨ੍ਹਾਂ ਦੀ ਦ੍ਰਿਸ਼ਟੀ ਸਮਸਰ ਸੀ, ਜੋ ਦੁਖ-ਸੁਖ, ਮਾਨ-ਅਪਮਾਨ, ਹਰਖ-ਸੋਗ ਵਿੱਚ ਇਕ ਸਮਾਨ ਰਹਿ ਕੇ ਸਾਡੇ ਲਈ ਪੂਰਨੇ ਪਾ ਗਏ। ਇਸ ਬਾਰੇ ਉਨ੍ਹਾਂ ਆਪਣੀ ਰਚਨਾ ਵਿੱਚ ਥਾਂ ਥਾਂ ਬਿਆਨ ਕੀਤਾ ਹੈ, ਜਿਵੇਂ-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ।।੧।। ਰਹਾਉ।।
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ।।
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ।।੧।।

(ਪੰਨਾ ੬੩੩)

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ।।
ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ।।੧।।

(ਪੰਨਾ-੧੩੫੩)

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ।।
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ।।

(ਪੰਨਾ-੧੪੨੬)

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।

(ਪੰਨਾ-੧੪੨੭)

ਗੁਰੂ ਸਾਹਿਬ ਦੇ ਸਾਹਮਣੇ ਉਨ੍ਹਾਂ ਦੇ ਪਿਆਰੇ ਸਿੱਖ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ, ਪਰ ਆਪ ਸਦਾ ਦੀ ਤਰ੍ਹਾਂ ਅਡੋਲ ਤੇ ਸ਼ਾਂਤ ਚਿੱਤ ਰਹੇ। ਆਪ ਨੇ ਕਿਸੇ ਨੂੰ ਕੌੜਾ ਸ਼ਬਦ ਨਹੀ ਆਖਿਆ, ਸ਼ਰਾਪ ਨਹੀਂ ਦਿੱਤਾ, ਸਗੋਂ ਆਪਣੀ ਸ਼ਹੀਦੀ ਵੀ ਅਡੋਲ ਰਹਿ ਕੇ ਦਿੱਤੀ। ਸਮ ਦ੍ਰਿਸ਼ਟੀ ਵਾਲੇ ਮਹਾਂ ਪੁਰਸ਼ਾਂ ਲਈ ਹਰਖ-ਸੋਗ ਨਹੀਂ ਹੁੰਦਾ, ਉਹ ਕਿਸੇ ਨੂੰ ਵੀ ਵੈਰੀ ਨਹੀਂ ਸਮਝਦੇ। ਆਪਨੇ ਰਜ਼ਾ ਵਿੱਚ ਰਾਜ਼ੀ ਰਹਿ ਕੇ ਆਪਣਾ ਬਚਨ ਸਿੱਧ ਕਰ ਵਿਖਾਇਆ -

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ।।
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੇ ਜਾਨਿ।।੧੫।।

ਗੁਰੂ ਸਾਹਿਬ ਨੂੰ ਅਕਾਲ ਪੁਰਖ ਦੀ ਸਰਬ ਵਿਆਪਕਤਾ ਉਤੇ ਪੂਰਨ ਨਿਸ਼ਚਾ ਸੀ। ਇਸੇ ਲਈ ਉਹ ਵਾਹਿਗੁਰੂ ਨੂੰ ਸਰਬਤ ਵਿੱਚ ਰਵਿਆ ਮੰਨ ਕੇ ਬਾਹਰ


www.AKJ.Org

ਖੋਜਣ ਦੀ ਕ੍ਰਿਆ ਨੂੰ ਗਲਤ ਕਹਿੰਦੇ ਫੁਰਮਾਉਂਦੇ ਹਨ-

"ਕਾਹੇ ਰੇ ਬਨ ਖੋਜਨ ਜਾਈ।।
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ।।੧।। ਰਹਾਉ।।

(ਪੰਨਾ-੬੮੪)

ਆਪ ਦਾ ਇਹ ਵਿਚਾਰ ਵੀ ਹੈ ਕਿ ਜੋ ਵਿਅਕਤੀ ਮੋਹ-ਮਮਤਾ, ਲੋਭ, ਅਹੰਕਾਰ ਆਦਿ ਨੂੰ ਤਿਆਗ ਸਕਦਾ ਹੈ, ਉਹ ਹੀ ਸਫਲਤਾ ਪ੍ਰਾਪਤ ਕਰਕੇ ਦੂਜਿਆਂ ਦਾ ਉਧਾਰ ਕਰ ਸਕਦਾ ਹੈ। ਮੋਹ-ਮਾਇਆ ਦਾ ਤਿਆਗ ਆਪਦਾ ਜੀਵਨ ਆਦਰਸ਼ ਹੈ-

"ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।।
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।।੨੨।।"

(ਸਲੋਕ ਮਹਲਾ ੯)

ਗੁਰੂ ਸਾਹਿਬ ਦਾ ਚਰਿੱਤਰ ਬੜਾ ਹੀ ਵਚਿੱਤਰ ਤੇ ਅਲੌਕਿਕ ਹੈ। ਉਹ ਸੁਭਾਅ ਦੇ ਸ਼ਾਂਤ ਤੇ ਵੈਰਾਗਵਾਨ ਹੁੰਦੇ ਹੋਏ ਵੀ ਤੇਗ ਦੇ ਧਨੀ ਸਨ। ਕਰਤਾਰਪੁਰ ਦੀ ਲੜਾਈ ਵਿੱਚ ਬੀਰਤਾ ਵਿਖਾਉਣ ਬਦਲੇ ਆਪ ਨੇ ਆਪਣੇ ਪਿਤਾ ਜੀ ਤੋਂ ਤੇਗ ਬਹਾਦਰ" ਦੀ ਉਪਾਧੀ ਪ੍ਰਾਪਤ ਕੀਤੀ। ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। ਆਪ ਵੀਹ ਸਾਲ ਦੇ ਲੰਮੇ ਸਮੇਂ ਲਈ ਕਰਮ-ਖੇਤਰ 'ਚੋਂ ਲਾਂਭੇ ਰਹੇ। ਕਈ ਇਤਿਹਾਸਕਾਰਾਂ ਨੇ ਗੁਰੂ ਜੀ ਦਾ ਵੈਰਾਗਮਈ ਸੁਭਾਅ ਵੇਖ ਕੇ ਲਿਖਿਆ ਹੈ ਕਿ ਉਹ ਦੁਨੀਆਂ ਤੋਂ ਅਲੋਪ ਤੇ ਇਕਾਂਤ ਰਹਿ ਕੇ ਜੀਵਨ ਬਤੀਤ ਕਰ ਰਹੇ ਸਨ। ਪਰ ਗੱਲ ਅਸਲ ਵਿੱਚ ਇਹ ਜਾਪਦੀ ਹੈ ਕਿ ਆਪ ਸੋਚਵਾਨ ਤੇ ਇਕਾਂਤਵਾਸੀ ਜ਼ਰੂਰ ਸਨ ਪਰ ਆਪਣੇ ਕਰੱਤਵ ਤੋਂ ਅਵੇਸਲੇ ਨਹੀਂ ਸਨ। ਬਕਾਲੇ ਵਿੱਚ ਬਿਤਾਏ ਵੀਹ ਸਾਲ ਆਪ ਨੇ ਉਪਰਾਮਤਾ ਵਿੱਚ ਹੀ ਨਹੀਂ ਬਿਤਾਏ ਸਗੋਂ ਉਹ ਘਰੋਗੀ-ਫੁੱਟ ਤੇ ਦੇਸ਼ ਦੀ ਤਰਸਯੋਗ ਹਾਲਤ ਨੂੰ ਵਾਚਦੇ ਰਹੇ ਤੇ ਆਉਣ ਵਾਲੇ ਸਮੇਂ ਲਈ ਯੋਜਨਾ ਤਿਆਰ ਕਰਦੇ ਰਹੇ। ਉਹ ਸਮਝਦੇ ਸਨ ਕਿ ਅਜਿਹੀ ਹਾਲਤ ਵਿੱਚ ਜੇ ਲੋਕ ਬਹੁਤਾ ਚਿਰ ਰਹੇ ਤਾਂ ਉਹਨਾਂ ਅੰਦਰ ਹੀਣ-ਭਾਵ ਪੈਦਾ ਹੋ ਜਾਏਗਾ ਤੇ ਫਲਸਰੂਪ ਜ਼ੁਲਮ ਦੀ ਹੋਰ ਚੜ੍ਹ ਮੱਚੇਗੀ ਪਰ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਕਹਿਣ ਵਾਲੇ ਸਤਿਗੁਰੂ ਭਲੀ-ਭਾਂਤ ਸਮਝਦੇ ਸਨ ਕਿ ਜੇਕਰ ਜਬਰ ਦਾ ਟਾਕਰਾ ਸਬਰ ਨਾਲ ਬਹੁਤਾ ਚਿਰ ਨਾ ਹੋ ਸਕੇ ਤਾਂ ਕੁਰਬਾਨੀ ਹੀ ਇੱਕ ਐਸਾ ਢੰਗ ਹੈ, ਜਿਸ ਨਾਲ ਮੁਰਦਾ ਰੂਹਾਂ ਵਿੱਚ ਨਵਾਂ ਜੀਵਨ ਪੈਦਾ ਕੀਤਾ ਜਾ ਸਕਦਾ ਹੈ। ਉਹ "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਏ" ਦੇ ਦ੍ਰਿੜ੍ਹ ਵਿਸ਼ਵਾਸੀ ਸਨ। ਆਪ ਨੇ ਆਪਣੇ ਜੀਵਨ ਦਾ ਬਹੁ-ਮੁੱਲਾ ਸਮਾਂ ਬਕਾਲੇ ਬੈਠ ਕੇ ਆਉਣ ਵਾਲੇ ਸਮੇਂ ਲਈ ਯੋਜਨਾ ਤਿਆਰ ਕੀਤੀ। ਆਪ ਨੇ ਹਾਲਾਤ ਦਾ ਜਾਇਜ਼ਾ ਲੈ ਕੇ ਲੋੜੀਂਦਾ ਮਨਸੂਬਾ ਤਿਆਰ ਕੀਤਾ। ਗੁਰ-ਗੱਦੀ ਤੇ ਬਿਰਾਜਮਾਨ ਹੋਣ ਉਪ੍ਰੰਤ ਸਿੱਖ ਜਥੇਬੰਦੀ ਨੂੰ ਸੰਗਠਿਤ ਕਰਨ ਵੱਲ ਉਚੇਚਾ ਧਿਆਨ ਦਿੱਤਾ।

ਡਾ: ਖਜਾਨ ਸਿੰਘ ਨੇ ਲਿਖਿਆ ਹੈ, "ਔਰੰਗਜ਼ੇਬ ਦੀ ਅਸਹਿਣਸ਼ੀਲਤਾ ਦੀ ਨੀਤੀ ਤੇ ਨਿਰਦੋਸ਼ ਲੋਕਾਂ ਉਤੇ ਕੀਤੇ ਜਾਂਦੇ ਜ਼ੁਲਮਾਂ ਨੇ ਗੁਰੂ ਤੇਗ ਬਹਾਦਰਜੀ ਦੇ ਕੋਮਲ ਹਿਰਦੇ ਤੇ ਕਰੜੀ ਸੱਟ ਮਾਰੀ ਤੇ ਉਨ੍ਹਾਂ ਨੇ ਨਿਰਦੋਸ਼ ਲੋਕਾਂ ਦੇ ਵਾਸਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਦਾ ਮਨ ਬਣਾ ਲਿਆ।"

ਆਪ ਜੀ ਨੇ ਲੋਕਾਂ ਦੇ ਦਿਲਾਂ ਅੰਦਰ ਧਾਰਮਿਕ ਆਜ਼ਾਦੀ ਲਈ ਉਤਸ਼ਾਹ ਪੈਦਾ ਕਰ ਦਿੱਤਾ। ਜ਼ਾਲਮ ਨੌਕਰਸ਼ਾਹੀ ਇਹ ਸਹਿਣ ਨਾ ਕਰ ਸਕੀ ਤੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪ ਉਤੇ ਅਣ-ਮਨੁੱਖੀ ਅਤਿਆਚਾਰ ਕੀਤੇ ਗਏ ਤੇ ਅੰਤ ਆਪ ਜੀ ਨੂੰ ੧੬੭੫ ਵਿੱਚ ਚਾਂਦਨੀ ਚੌਕ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਜਿਨ੍ਹਾਂ ਧਾਰਮਿਕ ਚਿੰਨ੍ਹਾਂ ਵਿੱਚ ਆਪ ਕੋਈ ਵਿਸ਼ਵਾਸ ਨਹੀਂ ਸਨ ਰੱਖਦੇ, ਉਨ੍ਹਾਂ ਚਿੰਨ੍ਹਾਂ ਦੀ ਖਾਤਰ ਆਪ ਨੇ ਸ਼ਹੀਦੀ ਦੇ ਕੇ ਸਿੱਧ ਕਰ ਦਿੱਤਾ ਕਿ ਆਪ ਮਜ਼ਲੂਮਾਂ ਦੇ ਸਹਾਇਕ ਸਨ। ਇਹ ਸ਼ਹੀਦੀ ਹਿੰਦੂਆਂ ਦੇ ਧਾਰਮਿਕ ਹੱਕਾਂ (freedom of worship) ਦੀ ਆਜ਼ਾਦੀ ਲਈ ਕੀਤੀ ਗਈ ਲਾ-ਜਵਾਬ ਕੁਰਬਾਨੀ ਸੀ। ਅੱਜ ਤੱਕ ਕਿਸੇ ਨੇ ਇਹ ਨਹੀਂ ਸੀ ਸੁਣਿਆ ਕਿ ਮਕਤੂਲ ਆਪ ਚੱਲ ਕੇ ਕਾਤਲ ਪਾਸ ਗਿਆ ਹੋਵੇ, ਪਰ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ਦੇਣ ਲਈ ਆਪ ਅਨੰਦਪੁਰ ਤੋਂ ਦਿੱਲੀ ਪੁੱਜੇ ਸਨ। ਆਪ ਦੀ ਇਸ ਲਾਸਾਨੀ ਕੁਰਬਾਨੀ ਸਦਕਾ ਹੀ ਸਿੱਖ ਅਰਦਾਸ ਵਿੱਚ ਉਨ੍ਹਾਂ ਬਾਰੇ ਵਿਸ਼ੇਸ਼ ਸ਼ਬਦਾਂ ਦਾ ਉਲੇਖ ਇਸ ਤਰ੍ਹਾਂ ਕੀਤਾ ਗਿਆ ਹੈ-

'ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ,
ਸਭ ਥਾਈਂ ਹੋਇ ਸਹਾਇ।"

ਗੁਰੂ ਤੇਗ ਬਹਾਦਰ ਸਾਹਿਬ ਮਾਨਸਿਕ ਤੌਰ ਤੇ ਨਿਡਰ ਸੂਰਮੇ ਸਨ। ਆਪ ਦਾ ਜੀਵਨ ਅਨੁਭਵ ਬਹੁਤ ਡੂੰਘਾ ਤੇ ਵਿਸ਼ਾਲ ਸੀ। ਉਹ ਵਿਸ਼ੇਸ਼ ਤੇ ਵਿੱਲਖਣ, ਗੰਭੀਰ ਸੁਭਾਅ ਵਾਲੇ, ਭਗਤੀਰਸ ਨਾਲ ਓਤ ਪੋਤ, ਮੋਹ-ਮਾਇਆ ਤੋਂ ਨਿਰਲੇਪ, ਸਾਦਾ -ਮਿਜ਼ਾਜ਼, ਨਿਰਭੈ



www.AKJ.Org

ਤੇ ਅਡੋਲ, ਸੂਰਬੀਰ, ਤੇਗ ਦੇ ਧਨੀ, ਧਰਮ-ਰਖਿਅਕ, ਦੁੱਖ-ਸੁੱਖ ਤੇ ਈਰਖਾ-ਦਵੈਤ ਤੋਂ ਮੁਕਤ, ਪਰਉਪਕਾਰੀ, ਮਾਨਵ-ਹਿਤਕਾਰੀ, ਕਵੀ ਸ਼ਾਂਤੀ ਦੇ ਦੂਤ ਤੇ ਕੁਰਬਾਨੀ ਦੇ ਪੁੰਜ ਸਨ।

ਐਸੇ ਸਤਿਗੁਰੂ ਜੀ ਦਾ ਜਨਮ ੧੬੨੧ ਵਿੱਚ ਮਾਤਾ ਨਾਨਕੀ ਜੀ ਦੀ ਕੁਖੋ ਸ੍ਰੀ ਹਰਗੋਬਿੰਦ ਸਾਹਿਬ ਦੇ ਗ੍ਰਿਹਿ ਵਿਖੇ "ਗੁਰੂ ਕੇ ਮਹਿਲ" ਅੰਮ੍ਰਿਤਸਰ ਵਿੱਚ ਹੋਇਆ। ਆਪ ਦੀ ਸ਼ਾਦੀ ਕਰਤਾਰਪੁਰ ਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ ੧੬੩੩ ਵਿੱਚ ਹੋਈ। ੧੬੪੪ ਵਿੱਚ ਉਹ ਆਪਣੇ ਮਾਤਾ ਜੀ ਤੇ ਸਪੁਤਨੀ ਨਾਲ ਬਕਾਲੇ ਪਿੰਡ ਆ ਗਏ, ਜਿਥੇ ਆਪ ਨੇ ੨੦ ਸਾਲ ਚਿੰਤਨ ਤੇ ਤਪੱਸਿਆ ਕੀਤੀ।

੧੬੬੪ ਵਿੱਚ ਆਪ ਜੀ "ਬਾਬਾ ਬਕਾਲੇ" ਦੇ ਵਾਕ ਅਨੁਸਾਰ ਗੁਰ-ਗੱਦੀ ਉਤੇ ਬਿਰਾਜਮਾਨ ਹੋਏ। ੧੬੬੬ ਵਿੱਚ ਪਟਨਾ (ਬਿਹਾਰ) ਦੇ ਸਥਾਨ ਤੇ ਆਪਦੇ ਘਰ ਸਾਹਿਬਜ਼ਾਦਾ ਗੋਬਿੰਦ ਰਾਏ ਨੇ ਜਨਮ ਲਿਆ। ੧੬੭੫ ਵਿੱਚ ਆਪ ਨੇ ਚਾਂਦਨੀ ਚੌਂਕ ਦਿੱਲੀ ਵਿਖੇ ਹਿੰਦੂ ਧਰਮ ਦੀ ਖਾਤਰ ਆਪਣਾ ਬਲੀਦਾਨ ਦਿੱਤਾ। ਆਪ ਜੀ ਨੂੰ "ਹਿੰਦ ਦੀ ਚਾਦਰ" ਕਿਹਾ ਜਾਂਦਾ ਹੈ ਕਿਉਂਕਿ ਆਪਨੇ ਹਿੰਦੂ ਧਰਮ ਦੀ ਰਖਿਆ ਕੀਤੀ ਸੀ। ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਆਪਣਾ ਬਲੀਦਾਨ ਦਿੱਤਾ ਸੀ। ਸਮੁੱਚੇ ਭਾਰਤ ਤੇ ਖਾਸ ਕਰਕੇ ਕਸ਼ਮੀਰੀ ਬ੍ਰਾਹਮਣਾਂ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂ ਸਾਹਿਬ ਦੀ ਕੀਤੀ ਲਾਸਾਨੀ ਕੁਰਬਾਨੀ ਨੂੰ ਸਦਾ ਚੇਤੇ ਰੱਖ ਕੇ ਆਪਦੇ ਦੱਸੇ ਮਾਰਗ ਤੇ ਚਲ ਕੇ ਆਪਣਾ ਕਲਿਆਣ ਵੀ ਕਰਨ ਤੇ ਸਿਰ ਉਤੇ ਚੜ੍ਹੇ ਕਰਜ਼ ਨੂੰ ਵੀ ਯਾਦ ਰੱਖਣ।

(ਪੰਨਾ ੬ਦਾ ਬਾਕੀ ....)
ਹਾਰ ਪੁਆਏ, ਸੰਸਾਰਕ ਸੁੱਖਾਂ ਨੂੰ ਪਿੱਠ ਦੇ ਕੇ ਜੇਲ੍ਹਾਂ ਕੱਟੀਆਂ, ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ, ਸੀਸ ਦੀਆ ਪਰ ਸਿਰਰੁ ਨਾ ਦੀਆ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ, ਆਪਣੇ ਸਤਿਗੁਰੂ ਦੇ ਸਿੱਖ, ਸਿੱਖੀ ਸਿਦਕ ਤੋਂ ਨਾ ਡੋਲੇ। ਨਾਮ ਜਪਣ, ਵੰਡ ਛਕਣ ਅਤੇ ਧਰਮ ਦੀ ਕਿਰਤ ਤੇ ਦ੍ਰਿੜ ਵਿਸ਼ਵਾਸੀ ਰਹੇ। ਉਹਨਾਂ ਆਪਣਾ ਤਨ ਮਨ ਧਨ ਵੇਚ ਕੇ ਸਿੱਖੀ ਪ੍ਰਾਪਤ ਕੀਤਾ, ਉਹਨਾਂ ਦੇ ਹਿਰਦੇ ਵਿਚੋ ਹੂਕ ਉਠਦੀ ਸੀ -

"ਹਮ ਵੇਚਿਓ ਸਿਰ ਗੁਰ ਕੇ।"

ਸਿੱਖੀ ਦੇ ਨਾਂ ਤੇ ਉਹ ਆਪਣਾ ਤਨ, ਮਨ ਧਨ ਵਾਰਨ ਨੂੰ ਇੱਕ ਦਮ ਤਿਆਰ ਹੋ ਜਾਂਦੇ। ਸ਼ਹੀਦ ਹੋ ਜਾਣ ਨੂੰ ਉਹ ਬਹੁਤ ਸਸਤਾ ਸਮਝਦੇ। ਇਸ ਵਿੱਚ ਉਹਨਾਂ ਨੂੰ ਕਲਿਆਣ ਨਜ਼ਰ ਆਉਂਦੀ।

ਅੱਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ ਮਨਾਉਂਦੇ ਹੋਏ ਕੀ ਅਸੀਂ ਆਪਣੇ ਦਿਲ ਤੇ ਹੱਥ ਰੱਖ ਕੇ ਦਸ ਸਕਦੇ ਹਾਂ ਕਿ ਕੀ ਸਾਨੂੰ ਆਪਣੇ ਤਨ, ਮਨ ਅਤੇ ਧਨ ਨਾਲੋਂ ਸਿੱਖੀ ਪਿਆਰੀ ਹੈ ? ਕੀ ਸਾਡੇ ਲਈ ਗੁਰੂ ਕਾ ਹੁਕਮ ਉੱਤਮ ਹੈ ਜਾਂ ਆਪਣੇ ਮਨ ਦੀ ਮੱਤ ? ਕੀ ਸਾਨੂੰ ਸਿੱਖੀ ਰਹਿਤ ਪਿਆਰੀ ਹੈ ਜਾਂ ਦੁਨਿਆਵੀ ਫੈਸਨ ? ਕੀ ਸਾਨੂੰ ਸਤਿਗੁਰੂ ਦੀ ਕਾਰ ਪਿਆਰੀ ਹੈ ਜਾਂ ਵਿਡਾਣੀ ਚਾਕਰੀ ? ਕੀ ਸਾਨੂੰ ਧਰਮ ਪਿਆਰਾ ਹੈ ਜਾਂ ਧੰਦਾ ?

ਖਾਲਸਾ ਜੀ ! ਜ਼ਰਾ ਸੋਚੋ!

## ਉਮਾਹ ਸ਼ਹੀਦੀ ਦਾ

(ਰਾਜਿੰਦਰ ਸਿੰਘ ਵਿਦਿਆਰਥੀ)

-ਪਿਤਾ ਜੀਉ !

-ਜੀ ਲਾਲ ਜੀਉ !

-ਕੀ ਆਪ ਵੀ ਓਹੀ ਕੁੱਝ ਵੇਖ ਰਹੇ ਹੋ ਜੋ ਮੈਂ ਤੱਕ ਰਿਹਾ ਹਾਂ ?

-ਹਾਂ ਲਾਲ ਜੀ !

-ਅਸਾਡੇ ਸੂਰਮੇ ਕੈਸੀ ਬਹਾਦਰੀ ਨਾਲ ਰਣ ਭੂਮੀ ਵਿੱਚ ਜੂਝ ਰਹੇ ਹਨ। ਇੱਕ ਇੱਕ ਸਿੰਘ ਹਜ਼ਾਰਾਂ ਪਰ ਭਾਰੂ ਪ੍ਰਤੀਤ ਹੋ ਰਹੇ ਹਨ। ਜਿਵੇਂ ਕੋਈ ਸ਼ੇਰ ਹਿਰਨਾ ਦੀਆਂ ਡਾਰਾਂ ਵਿੱਚ ਧੱਸ ਕੇ ਭੱਬਕਾਂ ਮਾਰਦਾ ਹੈ, ਉਸੇ ਤਰਾਂ ਇਹ ਵੈਰੀਆਂ ਦੇ ਆਹੂ ਲਾਹ ਰਹੇ ਹਨ।

ਹਾਂ ਲਾਲ ਜੀ !

-ਕਿਤਨਾ ਭਰਵਾਂ ਸਾਹਸ ਹੈ ਇਨ੍ਹਾਂ ਬਹਾਦਰਾਂ ਦਾ ... ਓਹ ਡਿੱਠਾ ਜੋ ਨਾ ਸਭਨਾ ਤੋਂ ਅੱਗੇ ਵਧ ਰਹੇ ਦੇ ਆਪਣੇ ਸਰੀਰ ਦੇ ਅੰਗ ਅੰਗ ਤੋਂ ਲਹੂ ਵੱਗ ਰਿਹਾ ਹੈ, ਪਰ ਓਹ ਕੈਸੀ ਨਿਰਭੈਤਾ ਨਾਲ ਫਿਰ ਵੀ ਅਗਾਹ ਹੀਵਧਦਾ ਜਾ ਰਿਹਾ ਹੈ।... ਓਹ ਹੋਰ ਦੂਜਾ ਵੀ ....।

-ਜੀ ਲਾਲ ਜੀ ..... ਇਨ੍ਹਾਂ ਦੀ ਪਿੱਠ ਪਰ ਗੁਰੂ ਨਾਨਕ ਦਾ ਥਾਪੜਾ ਹੈ। ਇਹ ਹੁਣ ਪਰਵਾਨ ਹੋਇਆਂ ਨੂੰ ਸ਼ਹੀਦੀ ਦੇ ਅੰਮ੍ਰਿਤ ਭਰੇ ਪਿਆਲੇ ਦਿੱਸ ਰਹੇ ਹਨ, ਜਿਨ੍ਹਾਂ ਲਈ ਇਹ ਉਤਾਵਲੇ ਹੋ ਰਹੇ ਹਨ।

-ਪਿਤਾ ਜੀ ... ਮੇਰਾ ਮਨ ਵੀ ਐਸੇ ਉਮਾਹ ਲਈ ਉੱਮਡ ਰਿਹਾ ਹੈ। ਐਸੀ ਬਖਸ਼ਿਸ਼ ਮੈਂ ਵੀ ਲਵਾਂ, ਇਹ ਚਾਓ ਘੜੀ-ਪੱਲ ਵਧ ਰਿਹਾ ਹੈ ...।

-ਆਓ ਲਾਲ ਜੀ ! ਆਓ ਮੇਰੀ ਅਮਰ ਗਲਵੱਕੜੀ ਵਿੱਚ ! ਮੈਂ ਤੁਹਾਡੇ ਵਿੱਚ ਓਹ ਕੁੱਝ ਵੇਖ ਲਿਆ ਹੈ ਜਿਸ ਦੀ ਮੈਨੂੰ ਉਡੀਕ ਸੀ। ਕੇਵਲ ਮੈਂ ਹੀ ਨਹੀ ਤੁਹਾਡੇ ਦਾਦਾ ਜੀ ਨੂੰ ਵੀ ਜੇ ਉਡੀਕ ਸੀ।।


www.AKJ.Org

# ਨੌਵੀਂ ਸਰਕਾਰ ਦਾ ਜਲਵਾ

(ਸਾ: ਵਿਧਾਤਾ ਸਿੰਘ ਜੀ 'ਤੀਰ')

ਨਵਾਂ ਹੈ ਤੇ ਅਨੋਖਾ ਹੈ, ਨੌਂਵੀਂ ਸਰਕਾਰ ਦਾ ਜਲਵਾ।
ਮੇਰੇ ਨੈਣਾਂ ਚਿ ਫਿਰਦਾ ਹੈ,. ਉਦ੍ਹੇ ਦਰਬਾਰ ਦਾ ਜਲਵਾ।
ਉਹ ਨੌਂਵਾਂ ਰੂਪ ਨਾਨਕ ਦਾ, ਉਹ ਜਗਦੀ ਨਾਨਕ ਜੋਤੀ।
ਉਹ ਹਰਗੋਬਿੰਦ ਅਰਜਨ ਦਾ, ਸੀ ਝਲਕਾਂ ਮਾਰਦਾ ਜਲਵਾ।
ਉਦ੍ਹੇ ਨੈਣਾਂ 'ਚ ਜਾਦੂ ਸੀ, ਉਦ੍ਹੇ ਬੋਲਾਂ 'ਚ ਅੰਮ੍ਰਿਤ ਸੀ।
ਰੂਹਾਂ ਵਿਚ ਰੰਗ ਭੱਰਦਾ ਸੀ, ਤੇ ਦਿਲ ਸੀ ਠਾਰਦਾ ਜਲਵਾ।
ਮਨੁੱਖੀ ਸਾਦਗੀ ਉਸ ਦੀ, ਸੈਆਂ ਹੁਸਨਾਂ ਦਾ ਸੋਮਾ ਸੀ,
ਤੇ ਉਸ ਦੇ ਹੁਸਨ ਦੇ ਅੰਦਰ, ਸੀ ਸਿਰਜਨਹਾਰ ਦਾ ਜਲਵਾ।
ਉਹ ਤੇਗਾਂ ਤੋਂ ਬਹਾਦਰ ਸੀ, ਹਰਾਇਆ ਤੇਗ਼ ਨੂੰ ਉਸ ਨੇ,
ਉਦ੍ਹੇ ਜਲਵੇ ਅਗੇ ਝੁਕਿਆ, ਤਿਖੀ ਤਲਵਾਰ ਦਾ ਜਲਵਾ।
ਵਿਖਾਇਆ ਓਸ ਸਾਬਰ ਨੇ, ਮੁਗ਼ਲ ਦੇ ਜ਼ੁਲਮ ਦੇ ਸਾਹਵੇਂ,
ਦਲੇਰੀ ਦਾ ਸ਼ਹਾਦਤ ਦਾ, ਲਹੂ ਦੀ ਧਾਰ ਦਾ ਜਲਵਾ।
ਜਲਾਲੀ ਜ਼ੇਬ ਜਲਵੇ ਦੀ, ਨਾ ਔਰੰਗਜ਼ੇਬ ਨੇ ਸਮਝੀ,
ਖ਼ੁਦੀ ਵਿੱਚ ਵੇਖ ਨਾ ਸਕਿਆ, ਖ਼ੁਦਾਅ ਦੇ ਯਾਰ ਦਾ ਜਲਵਾ।
ਅਨੰਦ-ਪੁਤਲੇ ਅਨੰਦਪੁਰ ਤੋਂ ਦਿਲੋਂ ਜੋ ਧਾਰਨਾ ਧਾਰੀ,
ਉਦ੍ਹੀ ਉਸ ਧਾਰਨਾ ਦਸਿਆ, ਉਦ੍ਹੇ ਉਪਕਾਰ ਦਾ ਜਲਵਾ।
ਉਦ੍ਹੀ ਸ਼ਾਹ-ਰਗ ਛੁਲਾਦੀ ਨੇ, ਗਲਾ ਜਾਂ ਤੇਗ਼ ਦਾ ਕਟਿਆ,
ਸੀ ਹਥਿਆਰਾਂ ਤਦੋਂ ਤਕਿਆ, ਨਵੇਂ ਹਥਿਆਰ ਦਾ ਜਲਵਾ।
ਜਨੇਊ, ਤਿਲਕ, ਬੋਦੀ ਦੀ, ਗ਼ਰਕ ਜਾਣੀ ਸੀ ਹਸਤੀ ਹੀ,
ਸ਼ਹਿਨਸ਼ਾਹ ਦੀ ਸ਼ਹਾਦਤ ਦਾ, ਨਾ ਜੇਕਰ ਤਾਰਦਾ ਜਲਵਾ।
ਕੋਈ ਚਿਰਿਆ, ਕੋਈ ਰਿਝਿਆ, ਉਦ੍ਹਾ ਆਸ਼ਕ ਉਦ੍ਹੇ ਸਾਹਵੇਂ,
ਉਨ੍ਹਾਂ ਨੈਣਾਂ ਦੇ ਵਿਚ ਰਖਿਆ, ਉਦ੍ਹੇ ਦੀਦਾਰ ਦਾ ਜਲਵਾ।
ਅਜੇ ਵੀ ਚਾਂਦਨੀ ਚੌਂਕ, ਜ਼ਮਾਨੇ ਦੀ ਨਜ਼ਰ ਵੇਖੇ,
ਉਦ੍ਹੀ ਕਰਣੀ, ਉਦ੍ਹੇ ਕ੍ਰਿਸ਼ਮੇ, ਉਦ੍ਹੇ ਕਿਰਦਾਰ ਦਾ ਜਲਵਾ।
ਤਦੇ ਸੂਰਜ ਸਵੇਰੇ ਆ, ਝੁਲਾਉਂਦਾ ਚੌਰ ਕਿਰਨਾਂ ਦਾ,
ਤਦੇ ਚੰਦ ਆਣ ਕੇ ਰਾਤੀਂ, ਉਦ੍ਹੇ ਤੋਂ ਵਾਰਦਾ ਜਲਵਾ।
ਅਜੇ ਦਿਸਦਾ ਹੈ ਕਣ ਕਣ ਚੋਂ, ਦਿੱਲੀ ਦੀ ਕੋਤਵਾਲੀ ਚੋਂ,
ਸਬਰ ਦੀ ਜਿੱਤ ਦਾ ਜਲਵਾ, ਜਬਰ ਦੀ ਹਾਰ ਦਾ ਜਲਵਾ।
ਕਿਸੇ ਨੂੰ ਕੋਤਵਾਲੀ ਜੋ, ਕਤਲਗਾਹ ਕੈਦ-ਗਾਹ ਦਿਸਦੀ,
ਹੈ ਦਿਸਦਾ ਓਸ ਚੋਂ ਮੈਨੂੰ, ਮੇਰੇ ਦਿਲਦਾਰ ਦਾ ਜਲਵਾ।
ਅਸੰਖਾਂ ਅੱਖੀਆਂ ਜੇਕਰ, ਦਏਂ ਇਸ 'ਤੀਰ' ਨੂੰ ਦਾਤਾ,
ਤਾਂ ਗੁਰ-ਜਲਵਾ ਹੀ ਵੇਖੇਗਾ, ਭੁਲਾ ਸੰਸਾਰ ਦਾ ਜਲਵਾ।



www.AKJ.Org

# ਚਮਕੌਰ ਦੀ ਗੜ੍ਹੀ ਦੇ ਸ਼ਹੀਦ ਸਿੰਘਾਂ ਦਾ ਸਸਕਾਰ

ਮਹਿੰਦਰ ਸਿੰਘ 'ਚਚਰਾੜੀ' ਤਹਿ: ਜਗਰਾਉਂ, ਜ਼ਿਲ੍ਹਾ ਲੁਧਿਆਣਾ।

ਚਮਕੌਰ ਦੀ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ੪੦ ਭੁੱਖਣ-ਭਾਣੇ ਸਿੰਘਾਂ ਨਾਲ ਮੁਗ਼ਲ ਫ਼ੌਜਾਂ ਦਾ ਟਾਕਰਾ ਕੀਤਾ। ਚਮਕੌਰ ਦੀ ਕੱਚੀ ਗੜ੍ਹੀ ਵਿਚ ਚੱਲੇ ੭੨ ਘੰਟੇ ਦੇ ਮੁਕਾਬਲੇ 'ਚ ਬਹੁਤ ਸਾਰੀ ਮੁਗ਼ਲ ਫੌਜ ਅਤੇ ਗੁਰੂ ਜੀ ਦੇ ਅਜੀਜ਼ ਅਤੇ ਸਾਹਿਬਜ਼ਾਦਿਆਂ ਸਮੇਤ ੩੬ ਜਣੇ ਜੰਗ ਦੀ ਭੇਟ ਚੜ੍ਹ ਗਏ। ਦਸ ਲੱਖ ਦੀ ਫੌਜ ਦਾ ਬਹਾਦਰੀ ਨਾਲ ਟਾਕਰਾ ਕਰਕੇ ਗੁਰੂ ਜੀ ਨੇ ਆਪਣੀ ਜੰਗੀ ਮੁਹਾਰਤ ਦਾ ਸਫਲ ਪ੍ਰਦਰਸ਼ਨ ਕੀਤਾ। ਗੁਰੂ ਜੀ, ਸਾਜੇ ਪੰਥ 'ਖਾਲਸੇ' ਦਾ ਹੁਕਮ ਮੰਨ ਕੇ (ਜੋ ਕਿ ਪੰਚਾਂ ਦੇ ਰੂਪ ਵਿਚ ਸੀ) ਭਾਈ ਦਇਆ ਸਿੰਘ, ਮਾਨ ਸਿੰਘ ਅਤੇ ਇਕ ਹੋਰ ਸਿੰਘ ਸਮੇਤ ਭਾਈ ਸੰਗਤ ਸਿੰਘ ਜੀ ਨੂੰ ਜੰਗੀ ਪੈਤੜੇ ਅਨੁਸਾਰ ਆਪਣਾ ਬਾਣਾ ਪਹਿਨਾ ਕੇ, ਗੜ੍ਹੀ 'ਚੋਂ ਨਿਕਲ ਤੁਰੇ। ਗੜ੍ਹੀ ਵਿਚ ਚੱਲ ਰਹੀ ਲੜਾਈ ਅੰਤਿਮ ਪੜਾਅ 'ਤੇ ਪਹੁੰਚ ਗਈ। ਕੇਵਲ ਭਾਈ ਸੰਗਤ ਸਿੰਘ ਅਤੇ ਭਾਈ ਸੰਤ ਸਿੰਘ ਨੇ ਆਖਰੀ ਸਮੇਂ ਲੜਾਈ ਲੜੀ। ਅੰਤ ਉਹ ਵੀ ਸ਼ਹਾਦਤ ਦਾ ਜਾਮ ਪੀ ਗਏ। ਗੁਰੂ ਗੋਬਿੰਦ ਸਿੰਘ ਜੀ ਦਾ ਬਾਣਾ ਸੰਗਤ ਸਿੰਘ ਦੇ ਤਨ 'ਤੇ ਦੇਖ ਕੇ ਖੁਸ਼ ਹੋਏ ਮੁਗ਼ਲ, ਗੁਰੂ ਗੋਬਿੰਦ ਸਿੰਘ ਜੀ ਸਮਝ ਕੇ ਸੀਸ ਕੱਟ ਕੇ ਦਿੱਲੀ ਵੱਲ ਨੂੰ ਹੋ ਤੁਰੇ।

ਪਿੰਡ-ਪਿੰਡ 'ਚ ਡੌਂਡੀ ਪਿਟਵਾ ਦਿਤੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਰ ਦਿਤਾ ਹੈ। ਆਹ ਦੇਖੋ, ਉਸ ਦਾ ਵੱਢਿਆ ਹੋਇਆ ਸਿਰ ! ਉਸ ਦਾ ਪਰਿਵਾਰ ਵੀ ਖਤਮ ਕਰ ਦਿਤਾ ਹੈ। ਦੋ ਸਾਹਿਬਜ਼ਾਦੇ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਦੋ ਛੋਟੇ ਵੀ ਰੁਲ-ਖੁਲ ਕੇ ਮਰ ਜਾਣਗੇ। ਬਗਾਵਤ ਕੁਚਲ ਦਿਤੀ ਗਈ ਹੈ। ਚਮਕੌਰ ਦੀ ਗੜ੍ਹੀ 'ਚ ਕੋਈ ਨਾ ਜਾਵੇ। ਕੋਈ ਸਿੰਘਾਂ ਦਾ ਸਸਕਾਰ ਨਾ ਕਰੇ । ਗੜ੍ਹੀ ਦੁਆਲੇ ਸਖਤ ਪਹਿਰਾ ਲਗਾ ਦਿਤਾ ਗਿਆ। ਪਿੰਡ ਪਿੰਡ 'ਚ ਡੌਂਡੀ ਪਿਟਦੇ ਜਾਂਦੇ ਫੌਜੀਆਂ ਤੋਂ ਸਹਿਮੇ ਹੋਏ ਲੋਕ ਦੜ ਵੱਟੀ ਘਰਾਂ 'ਚ ਠਠੰਬਰ ਰਹੇ ਸਨ, ਪਰ ਪਿੰਡ ਖਰੂੰਦ ਦੀ ਗੁਰੂ ਗੋਬਿੰਦ ਸਿੰਘ ਜੀ ਦੀ ਸਪੁੱਤਰੀ ਬੀਬੀ ਹਰਸ਼ਰਨ ਕੌਰ ਨੇ ਆਪਣੀ ਬਿਰਧ ਮਾਤਾ ਤੋਂ ਸਿੰਘਾਂ ਦੇ ਸਸਕਾਰ ਵਾਸਤੇ ਜਾਣ ਦੀ ਆਗਿਆ ਮੰਗੀ। ਜਵਾਬ 'ਚ ਬਿਰਧ ਮਾਤਾ ਨੇ ਆਖਿਆ ਕਿ ਘੁੱਪ ਹਨੇਰਾ ਹੈ ਅਤੇ ਚਮਕੌਰ ਦੀ ਗੜ੍ਹੀ ਦੁਆਲੇ ਫੌਜੀ ਹਰਲ ਹਰਲ ਕਰਦੇ ਫਿਰ ਰਹੇ ਹਨ। ਇਹ ਗੱਲ ਸੁਣ ਕੇ ਕਲਗੀਧਰ ਦੀ ਸ਼ੇਰਬੱਚੀ ਨੇ ਦ੍ਰਿੜ੍ਹਤਾ ਨਾਲ ਜੁਆਬ ਦਿਤਾ ਕਿ ਮੈਂ ਫੌਜੀਆਂ ਤੋਂ ਬਚ ਕੇ ਸਸਕਾਰ ਕਰ ਦੇਵਾਂਗੀ ਅਤੇ ਜੇ ਲੋੜ ਪਈ ਤਾਂ ਲੜ ਕੇ ਸ਼ਹੀਦ ਹੋ ਜਾਵਾਂਗੀ। ਮਾਤਾ ਨੇ ਹੌਂਸਲਾ ਦਿੰਦਿਆਂ ਕੋਲ ਬੁਲਾ ਕੇ ਗਲ ਨਾਲ ਲਾਇਆ ਅਤੇ ਸਸਕਾਰ ਕਰਨ ਦੀ ਮਰਿਆਦਾ ਸਮਝਾਈ। ਅਰਦਾਸਾ ਸੋਧ ਕੇ ਬੀਬੀ ਹਰਸ਼ਰਨ ਕੌਰ ਚਮਕੌਰ ਦੀ ਗੜ੍ਹੀ ਵੱਲ ਨੂੰ ਰਵਾਨਾ ਹੋ ਗਈ।

ਜਿਸ ਮੈਦਾਨੇ ਜੰਗ ਵਿਚ ਲੋਹੇ ਨਾਲ ਲੋਹਾ ਖੜਕ ਰਿਹਾ ਸੀ, ਹਾਥੀ ਚਿੰਘਾੜ ਰਹੇ ਸਨ, ਘੋੜੇ ਹਿਣਕ ਰਹੇ ਸਨ। ਅਤੇ ਲੱਖਾਂ ਫੌਜੀ 'ਮਾਰ ਦਿਓ, ਫੜ ਲਓ' ਦਾ ਸ਼ੋਰ ਮਚਾ ਰਹੇ ਸਨ, ਉਥੇ ਘੁੱਪ ਹਨੇਰੀ ਰਾਤ ਵਿਚ ਸੰਨਾਟਾ ਛਾਇਆ ਹੋਇਆ ਸੀ। ਅਜਿਹੀ ਸਥਿਤੀ ਵਿਚ ੧੬ ਸਾਲ ਦੀ ਮੁਟਿਆਰ ਬੀਬੀ ਹਰਸ਼ਰਨ ਕੌਰ ਪਹਿਰੇਦਾਰਾਂ ਤੋਂ ਬਚਕੇ ਗੜ੍ਹੀ 'ਚ ਜਾ ਪਹੁੰਚੀ। ਜਾਂਦਿਆਂ ਹੀ ਵੇਖਦੀ ਹੈ ਕਿ ਲੋਥ ਤੇ ਲੋਥ ਚੜ੍ਹੀ ਪਈ ਹੈ ਅਤੇ ਮੁਗ਼ਲਾਂ-ਸਿੰਘਾਂ ਦਾ ਫਰਕ ਨਿਖੇੜਨਾ ਕਾਫੀ ਮੁਸ਼ਕਲ ਹੈ। ਫਿਰ ਵੀ ਹੌਂਸਲੇ ਨਾਲ ਕੜਿਆਂ ਵਾਲੀਆਂ ਬਾਹਵਾਂ, ਕਛਹਿਰਿਆਂ ਵਾਲੇ ਧੜ ਅਤੇ ਕੇਸਾਂ ਵਾਲੇ ਸਿਰ ਇੱਕਠੇ ਕਰ ਕੇ ਮੂੰਹ ਸਾਫ ਕਰਦੀ ਹੈ। ਦੋਵੇਂ ਸਾਹਿਬਜ਼ਾਦਿਆਂ ਅਤੇ ਤਕਰੀਬਨ ੩੦ ਸਿੰਘਾਂ ਦੇ ਸਰੀਰ ਇੱਕਠੇ ਕਰਕੇ ਲੱਕੜਾਂ ਇੱਕਠੀਆਂ ਕਰਨ ਲੱਗ ਜਾਂਦੀ ਹੈ। ਦਿਲ ਵਿਚ ਦਿਨ ਚੜ੍ਹ ਜਾਣ ਦਾ ਤੌਖਲਾ ਹੋਣ ਕਰਕੇ ਫੁਰਤੀ ਨਾਲ ਕੰਮ ਕਰਦੀ ਅੰਗੀਠਾ ਤਿਆਰ ਕਰਕੇ ਅੱਗ ਲਗਾ ਦਿੰਦੀ ਹੈ।

ਅੱਗ ਦੇ ਭੜਕਦੇ ਸ਼ੋਅਲੇ ਵੇਖ ਕੇ ਪਹਿਰੇਦਾਰਾਂ ਨੂੰ ਹੈਰਾਨੀ ਹੁੰਦੀ ਹੈ ਅਤੇ ਉਹ ਮਿਲ ਕੇ ਅੰਗੀਠੇ ਵੱਲ ਨੂੰ ਵੱਧਦੇ ਹਨ। ਅੰਗੀਠੇ ਕੋਲ ਬੈਠੀ ਬੀਬੀ ਹਰਸ਼ਰਨ ਕੌਰ ਅੱਗ ਦੇ ਚਾਨਣ ਵਿਚ ਸਪੱਸ਼ਟ ਦਿਖਾਈ ਦਿੰਦੀ ਹੈ । ਜਾਪਦਾ ਹੈ ਉਹ ਕੀਰਤਨ ਸੋਹਿਲੇ ਦਾ ਪਾਠ ਕਰ ਰਹੀ ਹੈ ਪਹਿਰੇਦਾਰ ਹੈਰਾਨ ਤੇ ਪ੍ਰੇਸ਼ਾਨ ਹਨ ਕਿ ਕਾਲੀ ਬੋਲੀ ਰਾਤ 'ਚ ਇੱਕਲੀ ਬੀਬੀ ਗੜ੍ਹੀ 'ਚ ਕਿਵੇਂ ਪਹੁੰਚ ਗਈ। ਪਹਿਰੇਦਾਰਾਂ ਦੇ ਅਫਸਰ ਨੇ ਉੱਚੀ ਆਵਾਜ਼ 'ਚ ਬੀਬੀ ਨੂੰ ਪੁੱਛਿਆ ਕਿ ਤੂੰ ਕੌਣ ਹੈ ?

ਬੀਬੀ :- ਮੈ ਗੁਰੂ ਗੋਬਿੰਦ ਸਿੰਘ ਜੀ ਦੀ ਸਪੁੱਤਰੀ ਹਾਂ।

ਅਫਸਰ :- ਇਥੇ ਕੀ ਕਰ ਰਹੀ ਹੈ ?

ਬੀਬੀ :- ਆਪਣੇ ਸ਼ਹੀਦ ਭਰਾਵਾਂ ਦਾ ਅੰਤਿਮ ਸਸਕਾਰ।

ਅਫਸਰ :- ਤੈਨੂੰ ਸਰਕਾਰੀ ਹੁਕਮ ਦਾ ਪਤਾ ਨਹੀਂ ਕਿ ਇਥੇ ਆਉਣਾ ਜੁਰਮ ਹੈ ?



www.AKJ.Org

ਬੀਬੀ :- ਪਤਾ ਹੈ।
ਅਫਸਰ :-ਫਿਰ ਤੂੰ ਹੁਕਮ ਦੀ ਉਲੰਘਣਾ ਕਿਉਂ ਕੀਤੀ?
ਬੀਬੀ :- ਸੱਚੇ ਪਾਤਸ਼ਾਹ ਦੇ ਹੁਕਮ ਅੱਗੇ ਝੂਠੇ ਪਾਤਸ਼ਾਹ ਦੀ ਕੋਈ ਕਦਰ ਨਹੀਂ।
ਅਫਸਰ :- ਕੀ ਮਤਲਬ ?
ਬੀਬੀ :- ਭਾਵ ਇਹ ਕਿ ਮੇਰੇ ਮਨ ਵਿੱਚ ਸਿੰਘਾਂ ਪ੍ਰਤੀ ਸਤਿਕਾਰ ਹੈ। ਇਸ ਲਈ ਮੈਂ ਗੁਰੂ ਜੀ ਦੀ ਕਿਰਪਾ ਸਦਕਾ ਆਪਣਾ ਫਰਜ਼ ਅਦਾ ਕਰਨ ਆਈ ਹਾਂ। ਮੈਨੂੰ ਤੁਹਾਡੇ ਪਾਤਸ਼ਾਹ ਦੇ ਹੁਕਮ ਦੀ ਕੋਈ ਪਰਵਾਹ ਨਹੀਂ।

ਬੀਬੀ ਦੇ ਮੂੰਹੋਂ ਠੋਕਵੇਂ ਜਵਾਬ ਸੁਣ ਕੇ ਤੈਸ਼ ਵਿਚ ਆਏ ਮੁਗ਼ਲ ਫੌਜੀਆਂ ਨੇ ਬੀਬੀ ਹਰਸ਼ਰਨ ਕੌਰ ਨੂੰ ਫੜਨ ਲਈ ਹਮਲਾ ਕੀਤਾ, ਜਿਸ ਦਾ ਕਿਰਪਾਨ ਫੜੀ ਖੜ੍ਹੀ ਬੀਬੀ ਹਰਸ਼ਰਨ ਕੌਰ ਨੇ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ। ਕਈਆਂ ਨੂੰ ਵੱਢ ਟੁੱਕ ਕੇ ਹਮੇਸ਼ਾਂ ਲਈ ਗੜ੍ਹੀ ਨੀਂਦੇ ਸੁਆ ਕੇ ਜ਼ਖਮੀ ਹੋਈ ਹਰਸ਼ਰਨ ਕੌਰ ਭੁੰਜੇ ਡਿੱਗ ਪਈ। ਡਿੱਗੀ ਪਈ ਨੂੰ ਚੁੱਕ ਕੇ ਫੌਜੀਆਂ ਨੇ ਜਿਊਂਦੀ ਨੂੰ ਅੰਗੀਠੇ ਵਿਚ ਸਾੜ ਕੇ ਸ਼ਹੀਦ ਕਰ ਦਿਤਾ। ਅਗਲੇ ਦਿਨ ਫੌਜੀਆਂ ਦਾ ਪਹਿਰਾ ਤਕਰੀਬਨ ਖਤਮ ਕਰ ਦਿਤਾ ਗਿਆ ਕਿਉਂਕਿ ਇਹ ਸਪੱਸ਼ਟ ਹੀ ਸੀ ਕਿ ਸਾਹਿਬਜ਼ਾਦਿਆਂ ਸਮੇਤ ਜ਼ਿਆਦਾਤਰ ਸਿੰਘਾਂ ਦਾ ਸਸਕਾਰ ਬੀਬੀ ਵਲੋਂ ਕਰ ਦਿਤਾ ਗਿਆ ਹੈ। ਫੂਲਕੀਆ ਬੰਸ ਦੇ ਦੋ ਪੈਰੋਕਾਰਾਂ ਰਾਮਾ ਤੇ ਤ੍ਰਿਲੋਕਾ ਨੇ ਵੀ ਕੁਝ ਸਿੰਘਾਂ ਦਾ ਸਸਕਾਰ ਅਗਲੇ ਦਿਨ ਹੀ ਕਰ ਦਿਤਾ ਅਤੇ ਸਿੰਘਾਂ ਦੇ ਸਸਕਾਰ ਸਬੰਧੀ ਬੀਬੀ ਹਰਸ਼ਰਨ ਕੌਰ ਨਾਲ ਵਾਪਰੇ ਬ੍ਰਿਤਾਂਤ ਬਾਰੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਤਲਵੰਡੀ ਸਾਬੋ (ਦਮਦਮਾ ਸਾਹਿਬ) 'ਚ ਦਸਿਆ।

ਬੀਬੀ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਉਸ ਦੀ ਬਿਰਧ ਮਾਤਾ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਮੇਰੀ ਪੁੱਤਰੀ ਨੇ ਮੇਰੀ ਕੁੱਖ ਸਫਲੀ ਕਰ ਦਿਤੀ ਹੈ। ਚਮਕੌਰ ਦੀ ਗੜ੍ਹੀ 'ਚ ਸ਼ਹੀਦ ਹੋਏ ਸਿੰਘਾਂ ਦੇ ਸਸਕਾਰ ਦੀ ਉਕਤ ਘਟਨਾ ਹਰ ਸਿੰਘ ਲਈ ਅਤੇ ਖਾਸ ਕਰ ਸਿੰਘਣੀਆਂ ਲਈ ਚਾਨਣਮੁਨਾਰੇ ਦਾ ਕੰਮ ਕਰਦੀ ਰਹੇਗੀ।

ਜਿਥੇ ਚਮਕੌਰ ਦੀ ਜੰਗ ਵਿਚ ਸਿੰਘਾਂ ਦੀ ਬਹਾਦਰੀ ਜ਼ਿਕਰਯੋਗ ਹੈ, ਉਥੇ ਉਨ੍ਹਾਂ ਸ਼ਹੀਦ ਹੋਏ ਸਿੰਘਾਂ ਦੇ ਸਸਕਾਰ ਦੀ ਉਕਤ ਘਟਨਾ ਵੀ ਉਨੀ ਹੀ ਬਹਾਦਰ ਪੂਰਨ ਹੈ। ਪ੍ਰਚਾਰਕਾਂ ਨੂੰ ੪੦ਸਿੰਘਾਂ ਦੇ ਦਸ ਲੱਖ ਫੌਜ ਨਾਲ ਟਾਕਰੇ ਦੀ ਕਹਾਣੀ ਅਲਾਪਣ ਦੇ ਨਾਲ- ਨਾਲ ਅੰਤਿਮ ਸਸਕਾਰ ਸਬੰਧੀ ਬ੍ਰਿਤਾਂਤ ਨੂੰ ਵੀ ਤਰਜੀਹੀ ਅਧਾਰ ਤੇ ਪੇਸ਼ ਕਰਨਾ ਚਾਹੀਦਾ ਹੈ।

(ਪੰਨਾ ੬ ਦਾ ਬਾਕੀ ....)
ਜਨਮ ਲੈ ਕੇ *"ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।।"* ਗੁਰਵਾਕ ਅਨੁਸਾਰ ਪੂਰਨ ਗੁਰ-ਦੀਖਿਆ ਦੁਆਰਾ ਦੀਖਤ ਹੋ ਕੇ ਗੁਰਮੁਖਿ ਗੁਰਸਿਖ ਬਣ, ਤਤ ਕਲਿਆਣੀ ਸਦਗਤੀ ਵਾਲੀ ਪਰਮ ਪਦਵੀ ਪਾਈ ਅਤੇ ਇਸ ਗੁਰਵਾਕ ਪੰਗਤੀ ਦੇ ਅਟਲ ਨਿਯਮ ਨੂੰ ਪ੍ਰਸਿਧ ਕੀਤਾ-"ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ।"

ਕ੍ਰਿਤਮ ਨਾਮ ਦੇ ਜਪਣਹਾਰੇ ਗੁਰਮਤਿ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕਦੇ। ਗੁਰਮਤਿ ਮੁਕਤੀ ਤੋਂ ਭਾਵ ਏਥੇ ਗੁਰਮਤਿ ਦੇ ਇਸ ਆਦ੍ਰਸ਼ ਦਾ ਹੈ-
"ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ।।
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ"
।।੧।। (ਸਲੋਕ ਕਬੀਰ ਜੀ)

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ।।"
(ਪੰਨਾ ੫੩੪)

ਗੁਰਸਿਖਾਂ ਲਈ ਚਰਨ ਕਮਲ ਦੀ ਮੌਜ ਤੋਂ ਬਿਨਾਂ ਹੋਰ ਨਾਨਾ ਪ੍ਰਕਾਰੀ ਮੁਕਤੀਆਂ ਕੁਝ ਮੁੱਲ ਨਹੀਂ ਰਖਦੀਆਂ। ਗੁਰਸਿਖਾਂ ਦਾ ਮੁਖ ਮੰਤਵ ਅਕਾਲੀ ਦਰਸ਼ਨਾਂ ਵਿਚ ਲੀਨਤਾ ਹੈ। ਇਹੋ ਵਾਸਤਵੀ ਤੱਤ ਉਧਾਰ ਹੈ। ਇਸੇ ਕਰਕੇ ਗੁਰਵਾਕ ਹੈ ਕਿ :-

"ਮੁਕਤਿ ਬਪੁੜੀ ਭੀ ਗਿਆਨੀ ਤਿਆਗੇ।"

ਉਹ ਪੁਰਗ ਖਲੋਤੇ ਜਿਨ੍ਹਾਂ ਨੇ ਆਦਿ ਅੰਤ ਚਰਨ ਕਮਲ ਕੀ ਮਉਜ ਮਹਿ ਹੀ ਤੋੜ ਨਿਭਾਈ ਤੇ ਗੁਰਪੁਰੀ (ਸਚਖੰਡ) ਨਿਵਾਸ ਕੀਤਾ। ਰਿਹਾ ਸਵਾਲ ਇਹ ਕਿ ਜੋ ਭਗਤ ਕ੍ਰਿਤਮ ਨਾਮ ਕੇਵਲ ਈਸ਼ਰ-ਸਿੱਧੀ ਲਈ ਨਿਸ਼ਕਾਮ ਹੋ ਕੇ ਜਪਦੇ ਹਨ ਉਨ੍ਹਾਂ ਨੂੰ ਕੀ ਫਲ ਪ੍ਰਾਪਤ ਹੋਵੇਗਾ। ਇਸ ਸਬੰਧੀ ਇਤਨੀ ਟੂਕ ਦੇਣੀ ਹੀ ਕਾਫ਼ੀ ਹੈ ਕਿ ਉਹ 'ਸਤਿਨਾਮ ਗੁਰਮਤਿ' ਨਾਮ ਦੇ ਅਧਿਕਾਰੀ ਬਣਦੇ ਗੁਰਮਤਿ ਨਾਮ ਦੁਆਰਾ ਉਧਰਨਗੇ। ਸਤਿਨਾਮ ਸਦਾ ਸੁਖਦਾਈ ਹੈ, ਇਹ ਕਦੇ ਉਲਟਾ ਨਹੀਂ ਪੈ ਸਕਦਾ। ਚਾਹੇ ਮਨੋਰਥ ਸਿਧੀ ਲਈ ਭੀ ਕਿਉਂ ਨ ਜਪਿਆ ਜਾਵੇ। ਜਿਹਾ ਕਿ ਗੁਰਵਾਕ ਹੈ

"ਅਪਨੈ ਲੋਭ ਕਉ ਕੀਨੋ ਮੀਤੁ।।
ਸਗਲ ਮਨੋਰਥ ਮੁਕਤਿ ਪਦੁ ਦੀਤੁ।।" (੧੯੫)

ਪ੍ਰੰਤੂ ਕ੍ਰਿਤਮ ਨਾਮਾਂ ਦੇ ਜਾਪਕ ਜੋ ਮੰਤ੍ਰਾਂ ਦੁਆਰਾ ਕਈ ਪ੍ਰਕਾਰ ਦੀਆਂ ਸਿੱਧੀਆਂ ਪ੍ਰਾਪਤ ਕਰਨ ਦਾ ਉਦਮ ਕਰਦੇ ਹਨ, ਅਕਸਰ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਕਸ਼ਟ ਸ੍ਰੀਰਕ ਤੇ ਮਾਨਸਿਕ ਬਿਆਪਦੇ ਦੇਖੇ ਗਏ ਹਨ।
('ਗੁਰਮਤਿ ਲੇਖ' ਪੁਸਤਕ ਵਿਚੋਂ)


www.AKJ.Org

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

(ਕਰਤਾਰ ਸਿੰਘ ਬਲੱਗਣ)

ਸਿੱਖਾ ! ਡੁਲ੍ਹਿਆ ਕਿਉਂ ਏਂ, ਗੁਰੂ ਰਾਖਾ,
ਬਹਿ ਜਾ ਕੋਲ ਮੇਰੇ ਉਰੇ ਆ ਤਾਂ ਸਹੀ
ਹੋ ਕੇ ਸਿੱਖ ਤੂੰ ਚੜ੍ਹਦੀਆਂ ਕਲਾਂ ਵਾਲਾ
ਏਡਾ ਘਾਬਰੇਂ ਕਿਉਂ, ਸਮਝਾ ਤੇ ਸਹੀ।
ਅੜਿਆ ! ਦੱਸ ਖ਼ਾਂ ਮਾਂ ਜੀ ਨੇ ਕਿਥੇ,
ਸੁਨੇਹਾ ਉਨ੍ਹਾਂ ਦਾ ਕੋਈ ਪਹੁੰਚਾ ਤਾਂ ਸਹੀ
ਜ਼ੋਰਾਵਰ ਤੇ ਫ਼ਤਹਿ ਉਦਾਸ ਤਾਂ ਨਹੀਂ
ਮੈਨੂੰ ਉਨ੍ਹਾਂ ਦੀ ਗੱਲ ਸੁਣਾ ਤਾਂ ਸਹੀ।
ਹਾਏ ਕਮਲਿਆ ਤੂੰ ਤਾਂ ਰੋ ਰਿਹਾ ਏਂ,
ਓ ਕਦੇ ਸੂਰਮੇ ਹੌਸਲਾ ਹਾਰਦੇ ਨੇ।
ਸਿੱਖ ਸਤਿਗੁਰੂ ਦੇ ਤੇਗਾਂ ਮਾਰਦੇ ਨੇ,
ਵਾਂਗ ਕਾਇਰਾਂ ਦੇ ਢਾਈਂ ਨਹੀਂ ਮਾਰਦੇ ਨੇ।
ਸਿੱਖ ਨਾਲ ਜਕਲੰਬ ਦੇ ਜਿਹਾ ਰੁੰਨਾ,
ਨੈਣਾਂ ਵਿਚੋਂ ਬਿਆਸਾ ਵਗਾ ਦਿੱਤੀ।
ਰੋਏ ਜ਼ਿਮੀਂ ਅਸਮਾਨ ਤੇ ਰੁੱਖ ਬੂਟੇ,
ਝੜੀ ਕੁਦਰਤ ਨੇ ਦਰਦ ਦੀ ਲਾ ਦਿੱਤੀ
ਸਿੱਖ ਮਸਾਂ ਜਿਹੇ ਬੋਲਿਆ, ਪਾਤਸ਼ਾਹਾ
ਬੰਨੀਂ ਜ਼ੁਲਮ ਦੀ ਜ਼ਾਲਮਾਂ ਪਾ ਦਿਤੀ
ਸਿੱਖੀ ਅਣਖ ਦੇ ਸੁਹਲ ਕਲੇਜੜੇ ਤੇ,
ਮੁਗਲ ਰਾਜ ਨੇ ਛੁਰੀ ਚਲਾ ਦਿੱਤੀ।
ਏਨੇ ਸਿੱਖਾਂ ਦੇ ਹੁੰਦਿਆਂ ਜਗ ਉੱਤੇ,
ਤੇਰੇ ਪੁੱਤਾਂ ਦੇ ਡੱਕਰੇ ਗਿਣੀਦੇ ਨੇ,
ਜ਼ੋਰਾਵਰ ਤੇ ਫ਼ਤਹਿ ਸਰਹੰਦ ਅੰਦਰ,
ਮਹਿਲਾਂ ਵਾਲਿਆ ਕੰਧੀਂ ਪਏ ਚਿਣੀਂਦੇ ਨੇ
ਮਹਾਰਾਜ ਨੇ ਸੁਣੀ ਤੇ ਕਹਿਣ ਲਗੇ,
ਜਿੱਤੀ ਹੋਈ ਬਾਜ਼ੀ ਗਏ ਹਾਰ ਤਾਂ ਨਹੀਂ ?
ਸਿੱਖਾ ਦਸ ਮੈਨੂੰ ਛੇਤੀ ਮਰਨ ਵੇਲੇ,
ਕਿਧਰੇ ਡੋਲ ਗਿਆ ਜ਼ੋਰਾਵਰ ਤਾਂ ਨਹੀਂ ?
ਰਿਹਾ ਖੇਡਦਾ ਨਾਲ ਸੀ ਹਾਣੀਆਂ ਦੇ,
ਮੌਤ ਵੇਖ ਕਿਧਰੇ ਗਿਆ ਡਰ ਤਾਂ ਨਹੀਂ ?
ਸੀ ਮਾਸੂਮ, ਗੁਰਪੁਰੀ ਨੂੰ ਜਾਣ ਵੇਲੇ,
ਕਿਧਰੇ ਯਾਦ ਕਰਦਾ ਰਿਹਾ ਘਰ ਤਾਂ ਨਹੀਂ ?

ਛੇਤੀ ਦਸ ਮੈਨੂੰ ਉਨ੍ਹਾਂ ਜ਼ਾਲਮਾਂ ਨੇ,
ਕੀਤੀ ਉਨ੍ਹਾਂ ਮਾਸੂਮਾਂ ਦੇ ਨਾਲ ਕੀ ਕੀ ?
ਉਨ੍ਹਾਂ ਬਾਲ ਸ਼ਹੀਦਾਂ ਦੇ ਮਰਨ ਵੇਲੇ,
ਕੀਤੇ ਹੋਸਨ ਜੁਆਬ ਸੁਆਲ ਕੀ ਕੀ ?
ਦਾਤਾ ਜਾਂਦਿਆਂ ਭਰੇ ਦਰਬਾਰ ਅੰਦਰ,
ਸਾਹਿਬਜ਼ਾਦਿਆਂ ਫ਼ਤਹਿ ਗਜਾ ਦਿਤੀ।
ਸਤਿ ਸ੍ਰੀ ਅਕਾਲ ਦਾ ਮਾਰ ਨਾਹਰਾ,
ਤਸਬੀਹ ਕਾਜ਼ੀ ਦੇ ਹੱਥੋਂ ਛੁਡਾ ਦਿਤੀ।
ਸੂਬੇ ਆਖਿਆ ਕਰੋ ਸਲਾਮ ਮੁੰਡਿਓ,
ਉਨ੍ਹਾਂ ਸਾਹਮਣੇ ਜੁੱਤੀ ਵਖਾ ਦਿਤੀ।
ਉਨ੍ਹਾਂ ਜਦੋਂ ਤਲ਼ਵਾਰ ਦਾ ਖ਼ੌਫ਼ ਦਿਤਾ,
ਅੱਗੋਂ ਹਸ ਕੇ ਧੌਣ ਅਕੜਾ ਦਿਤੀ।
ਸੂਬੇ ਰੋਹ ਨਾਲ ਕਿਹਾ ਗੁਸਤਾਖ ਮੁੰਡਿਓ !
ਅੱਜ ਤੁਸਾਂ ਦੀ ਅਣਖ ਮੁਕਾ ਦਿਆਂਗਾ।
ਜਾਂ ਹੱਸ ਕੇ ਇਸਲਾਮ ਦਾ ਜਾਮ ਪੀ ਲਓ,
ਨਹੀਂ ਤੇ ਮੌਤ ਦਾ ਜਾਮ ਪਿਲਾ ਦਿਆਂਗਾ।
ਫ਼ਤਹਿ ਸਿੰਘ ਨੇ ਕੜਕ ਕੇ ਕਿਹਾ ਅੱਗੋਂ,
ਪਰਬਤ ਦਾਬਿਆਂ ਨਾਲ ਨਹੀਂ ਹਿਲ ਜਾਂਦੇ
ਅਸੀਂ ਅਸਲ ਫੌਲਾਦ ਦੇ ਡੱਕਰੇ ਹਾਂ,
ਫੂਕਾਂ ਮਾਰਿਆਂ ਜਿਹੜੇ ਨਹੀਂ ਦਹਿਲ ਜਾਂਦੇ
ਅਸੀਂ ਉਹ ਪਤੰਗੇ ਹਾਂ ਸੜ ਮਰਨੇ,
ਜਿਹੜੇ ਸ਼ਮ੍ਹਾਂ ਤੋਂ ਵੀ ਪਹਿਲਾਂ ਜਲ ਜਾਂਦੇ,
ਬੱਚੇ ਹੋਣ ਜਿਹੜੇ ਸ਼ੇਰ ਬੱਬਰਾਂ ਦੇ,
ਕਦੀ ਭੇਡਾਂ ਦੇ ਵਿਚ ਨਹੀਂ ਰਲ ਜਾਂਦੇ।
ਹੱਥ ਸ਼ੇਰ ਦੀ ਮੁੱਛ ਨੂੰ ਪਾਣ ਲਗੋਂ।
ਇੱਜ਼ਤ ਆਪਣੀ ਸਗੋਂ ਬਚਾ ਸਾਥੋਂ।
ਮਾਸ, ਬਾਜ਼ ਦੀ ਚੁੰਝ ' ਚੋਂ, ਖੋਹਣ ਲਗੋਂ,
ਅੜਿਆ ਆਪਣਾ ਮਾਸ ਛੁਡਾ ਸਾਥੋਂ।
ਦਿਤਾ ਹੁਕਮ ਮੁੜ ਸੂਬੇ ਨੇ, ਪਾਤਸ਼ਾਹਾ
ਇਨ੍ਹਾਂ ਦੋਹਾਂ ਨੂੰ ਕੰਧੀਂ ਚੁਣਾ ਦਿਓ।
ਇਨ੍ਹਾਂ ਜੰਮਦੀਆਂ ਸੂਲਾਂ ਨੂੰ ਸਾੜ ਸੁਟੋ,
ਫੜ ਕੇ ਸੱਪਾਂ ਦੇ ਪੁੱਤ ਮੁਕਾ ਦਿਓ।

ਇਨ੍ਹਾਂ ਜਿਉਂਦਿਆਂ ਕੁਫਰ ਦੇ ਪੁਤਲਿਆਂ ਨੂੰ
ਫੜ ਕੇ ਮਿੱਟੀ ਦੇ ਵਿਚ ਮਿਲਾ ਦਿਓ।
ਖ਼ੂਨ ਡੋਲ੍ਹ ਕੇ ਇਨ੍ਹਾਂ ਦੇ ਕਾਲਜੇ ਦਾ,
ਮੇਰੇ ਜਿਗਰ ਦੀ ਅੱਗ ਬੁਝਾ ਦਿਓ।
ਬਸ ਹੁਕਮ ਦੀ ਦੇਰ ਸੀ ਰਾਜ ਭੇੜੇ,
ਦਿਹਾਂ ਕੂਲੀਆਂ ਤੇ ਇੱਟਾਂ ਧਰਨ ਲਗੇ।
ਓਧਰ ਮਰਨ ਵੇਲੇ ਤੇਰੇ ਭਗਤ ਪੁੱਤਰ,
ਮੂੰਹੋਂ ਵਾਹਿਗੁਰੂ ਵਾਹਿਗੁਰੂ ਕਰਨ ਲਗੇ।
ਜਦੋਂ ਸੁਹਲ ਕਲੇਜੇ ਤੇ ਕੰਧ ਪਹੁੰਚੀ,
ਸਾਹ ਚੰਨਾਂ ਦਾ ਰੁਕਿਆ ਜਾਣ ਲਗਾ।
ਤਦੋਂ ਵੇਖ ਕੇ ਫ਼ਤਹਿ ਸਿੰਘ ਵਲੋਂ,
ਜ਼ੋਰਾਵਰ ਦਾ ਚਿਹਰਾ ਕੁਮਲਾਉਣ ਲਗਾ।
"ਕੀ ਕਿਹਾ ਈ " ? ਪੁਛੇਆ ਪਾਤਸ਼ਾਹਿ ਨੇ,
"ਜ਼ੋਰਾ ਹੈਸੀ ਕਮਜ਼ੋਰੀ ਵਖਾਉਣ ਲਗਾ" ?
ਨਹੀਂ ਪਾਤਸ਼ਾਹ ਖ਼ੌਫ਼ ਦੇ ਨਾਲ ਨਹੀਂ ਸੀ ,
ਜ਼ੋਰਾਵਰ ਦਾ ਚਿੱਤ ਘਬਰਾਉਣ ਲਗਾ।
ਉਹ ਤੇ ਕਹਿੰਦਾ ਸੀ ਵੀਰਨਾ ਮੈਂ ਵਡਾ,
ਅਤੇ ਤੂੰ ਮੈਥੋਂ ਪਹਿਲਾਂ ਮਰਨ ਲਗੋਂ।
ਕਿਹੜਾ ਮੂੰਹ ਵਖਾਵਾਂਗਾ ਪਿਤਾ ਨੂੰ ਮੈਂ,
ਛੋਟਾ ਹੋ ਮੈਨੂੰ ਬਾਜ਼ੀ ਕਰਨ ਲਗੋਂ।
ਸ਼ੁਕਰ ਆਖ ਕੇ ਪਿਤਾ ਅਰਦਾਸ ਸੋਧੀ,
ਤੂੰ ਹੀ ਰਖਿਆ ਲੰਗ ਦਾਤਾਰ ਮੇਰਾ।
ਮੇਰੀ ਤੁਛ ਜਿਹੀ ਭੇਟ ਮਨਜ਼ੂਰ ਹੋ ਗਈ,
ਪੱਲਾ ਹੋ ਗਿਆ ਪਾਕ ਸਰਕਾਰ ਮੇਰਾ।
ਦਿਤੀ ਤੇਰੀ ਅਮਾਨਤ ਮੈਂ ਮੋੜ ਤੈਨੂੰ,
ਹੌਲਾ ਹੋ ਗਿਆ ਕਰਜ਼ ਦਾ ਭਾਰ ਮੇਰਾ।
ਰੋਂਦੇ ਪਏ ਨੇ ਲੋਕ ਮੈਂ ਆਖਦਾ ਹਾਂ,
ਸਫਲ ਹੋ ਗਿਆ ਅੱਜ ਪਰਵਾਰ ਮੇਰਾ।
ਖ਼ੂਨ ਡੋਲ੍ਹ ਕੇ ਜਿਸ ਤਰ੍ਹਾਂ ਪੁੱਤਰਾਂ ਤੋਂ,
ਚੋਲੀ ਆਪਣੇ ਵਤਨ ਦੀ ਰੰਗਦਾ ਹਾਂ।
ਤਿਵੇਂ ਮੇਰਾ ਵੀ ਏਥੇ ਸਰੀਰ ਲਗੇ,
ਤੈਥੋਂ ਦਾਤਾਂ 'ਕਰਤਾਰ' ਇਹ ਮੰਗਦਾ ਹਾਂ।


www.AKJ.Org

# ਪੰਚ ਸਤਾਵਹਿ ਦੂਤ

(ਸੱਜਣ ਸਿੰਘ ਜੀ)

ਗੁਰੂ ਸਾਹਿਬਾਨ ਨੇ ਸੰਸਾਰ ਦੇ ਸਭ ਪ੍ਰਾਣੀਆਂ ਨੂੰ ਪੰਜਾਂ ਤੋਂ ਸਾਵਧਾਨ ਰੱਖਣ ਲਈ ਬਾਰ ਬਾਰ ਉਪਦੇਸ਼ ਦ੍ਰਿੜਾਇਆ ਹੈ। ਪੰਜਾਂ ਦੇ ਦੋ ਮੁੱਖ ਵਰਗਾਂ ਨੇ ਸਗਲੀ ਸ੍ਰਿਸਟੀ ਨੂੰ ਬੁਰੀ ਤਰਾਂ ਗ੍ਰਸਿਆ ਹੋਇਆ ਹੈ। ਪਹਿਲੇ ਵਰਗ ਵਿੱਚ ਪੰਜ ਗਿਆਨ ਇੰਦ੍ਰੀਆਂ-ਤੁਲਾ, ਕੰਨ, ਅੱਖਾਂ, ਨੱਕ ਤੇ ਜਿਹਬਾ ਹਨ ਜਿਨ੍ਹਾਂ ਦੀਆਂ ਹੁਕਮ ਅਦੂਲੀਆਂ, ਕੁਰੀਤੀਆਂ, ਆਪ ਹੁਦਰੀਆਂ ਹਰਕਤਾਂ, ਆਦਿਕ ਨੂੰ ਪੰਜ ਦੋਸ਼ ਆਖਿਆ ਗਿਆ ਹੈ। ਇਹ ਆਪਣੇ ਸਰੀਰ ਦੇ ਹੀ ਅੰਗ ਹਨ, ਗਿਆਨ ਪ੍ਰਾਪਤੀ ਦੇ ਸਾਧਨ ਹਨ, ਦਰਵਾਜੇ ਹਨ, ਚੌਕੀਦਾਰ ਹਨ ਪਰ ਵਾਸਤਵ ਵਿੱਚ ਆਪਣੇ ਹੁੰਦਿਆਂ ਭੀ ਬੇਗਾਨੇ ਹਨ, ਖੋਟੇ ਹਨ ਤੇ ਆਕੀ ਹਨ।

ਦੂਸਰੇ ਵਰਗ ਨਾਲ ਸੰਬੰਧਤ -ਕਾਮ, ਕ੍ਰੋਧ, ਲੋਭੁ, ਮੋਹ, ਹੰਕਾਰ, ਪੰਜ ਤਕੜੇ ਵਿਕਾਰ ਹਨ।

ਇਹ ਐਸੇ ਐਬ ਹਨ ਜਿਹੜੇ ਸਿੱਖਣੇ ਨਹੀਂ ਪੈਂਦੇ, ਆਪਣੇ ਆਪ ਉਗਦੇ, ਵਧਦੇ ਫੁਲਦੇ ਹਨ ਤੇ ਬੰਦੇ ਤੇ ਹਾਵੀ ਹੋਣ ਲਈ ਇਨ੍ਹਾਂ ਨੂੰ ਵਿਸ਼ੇਸ਼ ਉਪਰਾਲਾ ਨਹੀਂ ਕਰਨਾ ਪੈਂਦਾ। ਅਤੀ ਸੂਖਮ, ਤੇ ਅਦ੍ਰਿਸਟ ਹੋਣ ਕਰਕੇ, ਇਨ੍ਹਾਂ ਨੂੰ ਪਕੜਨਾ ਜਾ ਕਾਬੂ ਕਰਨਾ, ਜੀਵ ਦੀ ਤਾਕਤ ਤੋਂ ਬਾਹਰ ਹੈ। ਜਿਸ ਨਗਰ ਵਿੱਚ ਇਨ੍ਹਾਂ ਦਾ ਵਾਸਾ ਹੈ, ਉਹ ਜੀਵ ਦੀ ਕਾਇਆ ਨਗਰੀ ਹੈ, ਕੋਈ ਹੋਰ ਦੂਜਾ ਬਿਖਮ ਸਥਾਨ ਨਹੀਂ। ਪਰ ਅੱਜ ਤੱਕ ਕੋਈ ਸੰਸਾਰਕ ਸੂਰਮਾ ਪੈਦਾ ਨਹੀਂ ਹੋਇਆ ਜਿਸ ਨੇ ਪੰਜਾਂ ਨੂੰ ਸਰੀਰ ਤੋਂ ਕੱਢ ਕੇ ਵੱਖ ਕਰ ਦਿੱਤਾ ਹੋਵੇ ਤੇ ਇਸ ਕਰਨੀ ਨਾਲ ਬੰਦੇ ਨੂੰ ਸੰਤੁਸ਼ਟ ਕੀਤਾ ਹੋਵੇ। ਇਨ੍ਹਾਂ ਦਾ ਰਿਹਾਇਸ਼ੀ ਟਿਕਾਣਾ, ਐਸਾ ਗੁਪਤ ਅਸਥਾਨ ਹੈ ਜਿਸ ਦਾ ਗਿਆਨ ਕਿਸੇ ਖੋਜੀ ਨੂੰ ਨਹੀਂ। ਕੋਈ ਇਨ੍ਹਾਂ ਕਾਮਾਦਿਕ ਵਿਕਾਰਾਂ ਨਾਲ ਕਿਵੇਂ ਜੂਝੇ ਜਦ ਇਸ ਥਾਂ ਤੇ ਕਿਸੇ ਦੀ ਪਹੁੰਚ ਹੀ ਨਹੀਂ। ਸਤਿਗੁਰੂ ਦਾ ਫੁਰਮਾਨ ਹੈ :-

ਆਸਾ ਘਰੁ ੫ ਮਹਲਾ ੧॥<br>
ਭੀਤਰਿ ਪੰਚ ਗੁਪਤ ਮਨਿ ਵਸੇ॥<br>
ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥੧॥<br>
ਮਨ ਮੇਰਾ ਦਇਆਲ ਸੇਤੀ ਥਿਰੁਨ ਰਹੈ॥<br>
ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ (੩੫੯)

ਇਨ੍ਹਾਂ ਦਾ ਨਿਵਾਸ ਤਾਂ ਮਨ ਵਿੱਚ ਹੈ ਪਰ ਮਨ ਵਾਂਗਰ ਇਹ ਵੀ ਇੱਕ ਥਾਂ ਟਿਕ ਕੇ ਨਹੀਂ ਬਹਿੰਦੇ। ਬੈਰਾਗੀ ਜੋਗੀ ਵਾਂਗ ਭ੍ਰਮਦੇ ਫਿਰਦੇ ਤੇ ਮਨ ਨੂੰ ਪ੍ਰਭੂ ਨਾਲ ਇੱਕ-ਮਿੱਕ ਨਹੀਂ ਹੋਣ ਦਿੰਦੇ। ਜਦ ਮਨ ਵਿੱਚ ਇਨ੍ਹਾਂ ਦਾ ਪਰਵੇਸ਼ ਤੇ ਕਬਜ਼ਾ ਪੂਰੇ ਜੋਬਨ ਵਿੱਚ ਹੁੰਦਾ ਹੈ ਤਾਂ ਤਨ, ਮਨ ਦੋਨੋ ਇਨ੍ਹਾਂ ਦਾ ਪਾਣੀ ਭਰਦੇ ਹਨ। ਇਨ੍ਹਾਂ ਦਾ ਸਰੀਰਕ ਵਜੂਦ ਨਾ ਹੋਣ ਕਰਕੇ ਸਾਰੇ ਪ੍ਰੇਤ ਨਿਆਈ ਹਨ ਤੇ ਲੱਖ ਜਤਨਾਂ ਦੇ ਬਾਵਜੂਦ ਗ੍ਰਿਫਤ ਵਿੱਚ ਨਹੀਂ ਆਉਂਦੇ। ਪਾਵਨ ਹੁਕਮ ਹੈ।

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥<br>
ਇਹ ਜਮ ਕੀ ਸਿਰਦਾਰ ਹੈ ਏਨਾ ਉਪਰਿ ਜਮ ਕਾ ਡੰਡੁ ਕਰਾਰਾ॥

ਇਹ ਸਾਰੇ ਜਮ ਕੀ ਰਈਅਤ ਹੋਣ ਕਰਕੇ, ਜਮਾਂ ਦਾ ਇਨ੍ਹਾਂ ਉਪਰ ਸਖਤ ਫੁਰਮਾਨ ਹੈ ਤੇ ਕਰਾਰਾ ਡੰਡਾ ਹੈ। ਪਰ ਇਨ੍ਹਾਂ ਦਾ ਹੁਕਮ ਗੁਰਮੁਖ ਜਨਾਂ ਤੇ ਨਹੀਂ ਚੱਲਦਾ ਕੇਵਲ ਮਨਮੁਖ ਜੀਵਾਂ ਤੇ ਚੱਲਦਾ ਹੈ।

ਸੂਹੀ ਲਲਿਤ ਕਬੀਰ ਜੀਉ॥<br>
ਏਕ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥<br>
ਜਿਮੀ ਨਾਹੀ ਮੈਂ ਕਿਸ ਕੀ ਬੋਈ ਐਸਾ ਦੇਨੁ ਦੁਖਾਲਾ॥ (੭੯੩)

ਅਰਥਾਤ ਇਸ ਸਰੀਰ ਰੂਪੀ ਕਿਲ੍ਹੇ ਵਿੱਚ ਪੰਜ ਕਾਮਾਦਿਕ ਹਕੂਮਤ ਕਰਦੇ ਹਨ ਤੇ ਜਬਰਨ ਅਮਲਾ ਮੰਗਦੇ ਹਨ ਜਦ ਕਿ ਮੈਂ ਕਿਸੇ ਦੀ ਜਮੀਨ ਨਹੀਂ ਵਾਹੀ। ਇਨ੍ਹਾ ਪੰਜਾਂ ਦੀ ਸ਼ਕਤੀ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੰਸਾਰ ਦੇ ਸਾਰੇ ਅਉਗਣ ਇਨ੍ਹਾਂ ਨਾਲ ਜੁੜੇ ਹੋਏ ਹਨ ਤੇ ਅਪਣੀ ਅਪਣੀ ਸ਼ਕਤੀ ਇਨ੍ਹਾਂ ਨੂੰ ਪਰਦਾਨ ਕਰਦੇ ਹਨ। ਜਿਨਾਂ ਪੁਰਸ਼ਾਂ ਨੇ ਇੰਨ੍ਹਾਂ ਨਾਲ ਸਮਝੌਤਾ ਕੀਤਾ ਹੈ, ਜਾਂ ਵਿਸ਼ਵਾਸ਼ ਕੀਤਾ ਹੈ, ਉਹਨਾਂ ਹਮੇਸ਼ਾ ਧੋਖਾ ਖਾਧਾ ਹੈ ਕਿਉਂਕਿ ਇਹਨਾਂ ਦੀ ਏਕਤਾ ਨਮੂਨੇ ਦੀ ਹੈ ਤੇ ਅਲੱਗ ਅਲੱਗ ਅਵਸਰਾਂ ਤੇ ਇਨ੍ਹਾ ਦਾ ਇੱਕਠ ਲੋੜ ਅਨੁਸਾਰ ਹੁੰਦਾ ਹੈ। ਗੁਰਦੇਵ ਜੀ ਨੇ ਐਸੇ ਕਰਮ-ਕਾਂਡੀ ਦੇ ਵਰਤਮਾਨ ਤੇ ਭਵਿੱਖ ਦੀ ਝਲਕ ਦਿਖਾਈ ਹੈ, ਜਿਸ ਦੇ ਮਨ ਵਿੱਚ ਪੰਜਾਂ ਦਾ ਮਜਮੂਅਹ ਆਪਣਾ ਡੇਰਾ ਜਮਾਈ ਬੈਠਾ ਸੀ।

ਪੰਚ ਮਜਮੀ ਜੋ ਪੰਚਨ ਰਾਖੈ॥<br>
ਮਿਥਿਆ ਰਸਨਾ ਨਿਤ ਉਠ ਭਾਖੈ॥<br>
ਚਕ੍ਰ ਬਣਾਇ ਕਰੈ ਪਾਖੰਡ॥<br>
ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ॥<br>
(ਭੈਰਉ ਮਹਲਾ ੫-੧੧੫੧)

ਐਸੀਆਂ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ ਕਿ ਕੋਈ ਮਾਲਕ ਮਕਾਨ ਆਪਣੇ ਇੱਕਲਪੁਣੇ ਨੂੰ ਦੂਰ ਕਰਨ ਲਈ, ਜਾਂ ਲੋਭ ਗ੍ਰਸਤ ਹੋ ਕੇ ਆਪਣੇ ਮਕਾਨ ਦੇ



www.AKJ.Org

ਕੁੱਝ ਕਮਰੇ ਕਿਰਾਏਦਾਰ ਨੂੰ ਦਿੰਦਾ ਹੈ ਤੇ ਇਹ ਨਹੀਂ ਸੋਚਦਾ ਕਿ ਕਰਾਏਦਾਰ ਆਪਣਾ ਧੜਾ ਬਣਾ ਕੇ ਉਪੱਦਰ ਕਰ ਸਕਦੇ ਹਨ, ਤੰਗ ਕਰ ਸਕਦੇ ਹਨ, ਡਰਾਉਣ ਧਮਕਾਉਣ ਤੇ ਤੁੱਲ ਸਕਦੇ ਹਨ ਤੇ ਖਾਲੀ ਕਰਨ ਤੋਂ ਇਨਕਾਰ ਕਰ ਸਕਦੇ ਹਨ ਜਾਂ ਸਦਾ ਲਈ ਸੰਭਾਲ ਭੀ ਸਕਦੇ ਹਨ। ਇਹ ਕੇਵਲ ਦ੍ਰਿਸ਼ਟਾਂਤ ਨਹੀਂ ਤਲਖ ਸਚਾਈ ਹੈ ਕਿ ਲਾਲਚੀ ਪੁਰਸ਼ ਮਾਇਆ ਦੀ ਖਾਤਰ ਆਪਣਾ ਮਨ ਲੋਭ ਸਿੰਘ ਦੇ ਹਵਾਲੇ ਕਰਦਾ ਹੈ। ਹੌਲੇ ਹੌਲੇ ਪੰਜੇ ਕਾਮਾਦਿਕ ਮਨ ਵਿੱਚ ਆਪਣਾ ਪੱਕਾ ਟਿਕਾਣਾ ਬਣਾਉਣ ਵਿੱਚ ਸਫਲ ਹੋ ਜਾਂਦੇ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਸੀਂ ਸ਼ੁਰੂ ਸ਼ੁਰੂ ਵਿੱਚ ਇਨ੍ਹਾਂ ਨੂੰ ਆਪਣੇ ਮਿੱਤਰ ਤੇ ਹਿਤੈਸ਼ੀ ਸਮਝਦੇ ਹਾਂ। ਸਾਡੀਆਂ ਅੱਖਾਂ ਉਸ ਸਮੇਂ ਖੁੱਲਦੀਆਂ ਹਨ ਜਦ ਕ੍ਰੋਧ ਤੇ ਹੰਗਤਾ ਆਪਣਾ ਭਿਆਨਕ ਰੂਪ ਦਿਖਾ ਕੇ ਨੀਂਦ ਹਰਾਮ ਕਰਨ ਨੂੰ ਆਪਣਾ ਕਿੱਤਾ ਹੀ ਬਣਾਉਂਦੇ ਹਨ।

ਇਸ ਮਜਮੂਏ ਦੇ ਕਈ ਰੂਪ ਹਨ, ਅਨੇਕ ਨਾਮ ਹਨ ਤੇ ਵੱਖਰੇ ਵੱਖਰੇ ਪ੍ਰਗਟਾਵੇ ਹਨ। ਇਹ ਸ਼ੇਰ ਵਾਂਗਰ ਤਕੜੇ ਤੇ ਸੰਗਦਿਲ ਹਨ ਜਿਨ੍ਹਾਂ ਤੇ ਕੇਵਲ ਪ੍ਰਭੂ ਦੇ ਪਿਆਰੇ ਹੀ ਹਾਵੀ ਹੁੰਦੇ ਹਨ।

ਪੰਚ ਸਿੰਘ ਰਾਖੇ ਪ੍ਰਭ ਮਾਰਿ।।
ਦਸ ਬਿਘਿਆੜੀ ਕਈ ਨਿਵਾਰਿ।।

ਰਾਮਕਲੀ ਮਹਲਾ ੫-(੮੯੯)

ਇਨ੍ਹਾਂ ਦਾ ਕ੍ਰੋਧ ਚੰਡਾਲ ਰੂਪ ਹੈ। ਪੰਜਾਂ ਦੇ ਵੱਸ ਪਾਏ ਭੇਖਾਧਾਰੀ ਦਾ ਭ੍ਰਮਣ ਨਿਰਾਰਥ ਜਾਂਦਾ ਹੈ ਜੇ ਉਹ ਕਾਮਾਦਿਕ ਪੰਜਾਂ ਦਾ ਸੰਗ ਨਹੀਂ ਤਿਆਗਦਾ। ਗੁਰਵਾਕ ਹੈ :-

ਦੇਸੁ ਛੋਡਿ ਪਰਦੇਸਹਿ ਧਾਇਆ।।
ਪੰਚ ਚੰਡਾਲ ਨਾਲੇ ਲੈ ਆਇਆ।।

ਪ੍ਰਭਾਤੀ ਮਹਲਾ ੫ (੧੩੪੨-੪੮)

ਇਨ੍ਹਾਂ ਨੂੰ ਸੂਰਬੀਰ ਭੀ ਆਖਿਆ ਹੈ ਕਿਉਂਕਿ ਕੋਈ ਵਿਰਲਾ ਬਲੀ ਹੀ ਇਨ੍ਹਾਂ ਨੂੰ ਮਾਰਨ ਵਿੱਚ ਸਫਲ ਹੁੰਦਾ ਹੈ।

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ।।

ਆਸਾ ਮਹਲਾ ੫(੪੦੪)

ਇਨ੍ਹਾਂ ਦੀ ਅਗਨੀ ਬਹੁਤ ਤੀਬਰ ਤੇ ਭੜਕੀਲੀ ਹੈ। ਸਰੀਰ ਰੂਪੀ ਭੱਠੀ ਵਿੱਚ ਪੰਜ ਵਿਕਾਰਾਂ ਦੀ ਅਗਨੀ ਲਟਾ ਲਟ ਬਲ ਰਹੀ ਹੈ। ਲੋਹਾਰ ਚਿੰਤਾ ਦੀ ਸੰਨੀ ਨਾਲ (ਚਿਮਟੀ) ਮਨ ਰੂਪੀ ਲੋਹੇ ਨੂੰ ਇਧਰ ਉਧਰ ਕਰਦਾ ਹੈ। ਇਉਂ ਮਨ ਰੂਪੀ ਲੋਹੇ ਨੂੰ ਮਨੂਰ ਬਣਾ ਦਿੱਤਾ। ਗੁਰਵਾਕ ਹੈ :-

ਕਾਇਆ ਆਰਣੁ ਮਨੁ ਵਿਚਿ ਲੋਹਾ
ਪੰਚ ਅਗਨਿ ਤਿਤੁ ਲਾਗਿ ਰਹੀ।।
ਕੋਇਲੇ ਪਾਪ ਪੜੇ ਤਿਸੁ ਊਪਰਿ
ਮਨੁ ਜਲਿਆ ਸੰਨ੍ਹੀ ਚਿੰਤ ਭਈ।।

(ਮਾਰੂ ਮਹਲਾ ੧-੯੯੦)

ਇਹ ਇਕੋ ਸਮੇਂ ਵਾਟਮਾਰ ਤੇ ਚੋਰ ਹਨ। ਕਦੇ ਜੋਰ ਜਬਰ ਲੁੱਟਦੇ ਹਨ ਕਦੇ ਚੋਰੀ ਕਰਕੇ ਵਡਮੁੱਲੀ ਵਸਤ ਚੁਰਾਉਂਦੇ ਹਨ। ਇਕ ਸਮੇਂ ਆਪਣੇ ਸਮਝਦੇ ਸਾਂ, ਹੁਣ ਇਹ ਸ਼ਰੀਕ ਬਣ ਗਏ। ਵਰਜਣ ਦਾ ਕੋਈ ਲਾਭ ਨਹੀਂ, ਪਤਾ ਨਹੀਂ ਕਿਹੜੇ ਦੁਸ਼ਟਾਂ ਨਾਲ ਇਨ੍ਹਾਂ ਦਾ ਗੱਠ ਜੋੜ ਹੈ। ਤਿੰਨ ਗੁਣ ਤੇ ਦਸ ਵਿਸ਼ੇ ਇਨ੍ਹਾਂ ਦੇ ਮਿੱਤਰ ਹਨ ਜਿਹਨਾਂ ਤੋਂ ਆਤਮਕ ਦੌਲਤ ਬਚਾਉਣੀ ਔਖੀ ਹੋ ਗਈ ਹੈ।

ਗੂਜਰੀ ਅਸਟਪਦੀਆਂ ਮਹਲਾ ੧ ਘਰੁ ੧।।
ਏਕ ਨਗਰੀ ਪੰਚ ਚੋਰ ਬਸੀਆ ਲੋ ਬਰਜਤ ਚੋਰੀ ਧਾਵੈ।।
ਤ੍ਰਿਹਦਸ ਆਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ।।

(੫੦੩)

ਪੰਜਾਂ ਨੇ ਬਹੁਤ ਪੁਆੜੇ ਪਾਏ। ਇਹ ਅੰਮ੍ਰਿਤ ਲੁੱਟਦੇ ਰਹੇ, ਪਰ ਮਨਮੁਖ ਨੂੰ ਕੋਈ ਸੁਰਤਿ ਨ ਆਈ। ਜੇ ਆਈ ਤਾਂ ਕਿਸੇ ਪੁਕਾਰ ਨ ਸੁਣੀ। ਸੰਸਾਰੀਆਂ ਤੋਂ ਉਹ ਦੁਸਟ ਬਾਹਰ ਨਹੀਂ ਨਿਕਲੇ। ਅਕਲਿ ਤੇ ਸਿਆਣਪ ਕੁਝ ਨ ਕਰ ਸਕੀ।"ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂ ਨਾਹੀ।।" ਇਨ੍ਹਾਂ ਪੰਜਾਂ ਨੇ ਮਨ ਨੂੰ ਐਸਾ ਵਿਗਾੜਿਆ ਕਿ ਬੰਦਾ ਪ੍ਰਭੂ ਤੇ ਸੰਗਤ ਤੋਂ ਵਿਛੜਦਾ ਹੀ ਗਿਆ। ਭਾਗਾਂ ਨਾਲ ਜੀਵ ਦਾ ਗੁਰਮੁਖ ਨਾਲ ਮੇਲ ਹੋਇਆ, ਕੁਝ ਪਿਆਰ ਹੋਇਆ, ਸਤਿਕਾਰ ਹੋਇਆ ਤੇ ਗੁਰਮੁਖ ਦੀ ਗੱਲ ਮੰਨਣ ਲਈ ਸੱਚੇ ਦਿਲਹੁ ਤਿਆਰ ਹੋਇਆ। ਹੁਣ ਗੁਰਮੁਖ ਤਾਂ ਆਪ ਜੁੜਦਾ ਹੈ ਤੇ ਜੋੜਦਾ ਹੈ, ਨਾਮ ਜੱਪਦਾ ਹੈ ਤੇ ਜਪਾਉਣ ਲਈ ਪ੍ਰੇਰਨਾ ਕਰਦਾ ਹੈ। ਇਸ ਭੁੱਲੜ ਜੀਵ ਨੂੰ ਗੁਰਮਤਿ ਜੁਗਤੀ ਨਾਲ ਜਾਣੂ ਕਰਾਇਆ। ਸਤਿਗੁਰੂ ਦੀ ਸ਼ਰਣੀ ਪੈਣਾ ਤੇ ਆਤਮ ਸਮਰਪਣ ਕਰਨਾ ਪਹਿਲੀ ਪਉੜੀ ਦੱਸੀ। ਇਸ ਦੇ ਇਲਾਵਾ ਗੁਰਸ਼ਬਦ, ਗੁਰ ਸੰਗਤ ਤੇ ਸੇਵਾ ਦੀ ਮਹਿਮਾ ਦ੍ਰਿੜ੍ਹਾਈ, ਗਿਆਨ ਦੀ ਖੜਗ ਦੁਆਰਾ ਭੁਲੇਖਾ ਤੇ ਵਹਿਮ ਨੂੰ ਖੰਡਨ ਕੀਤਾ। ਪੰਜਾਂ ਚੋਰਾਂ ਦੀ ਰੀਤੀ ਦੱਸੀ, ਜਾਂਚ ਪੜਤਾਲ ਕਰਕੇ ਅਸਲੀਅਤ ਦਾ ਭੇਦ ਖੋਲਿਆ।


www.AKJ.Org

ਮੰਗਲਵਾਰ ਲੇ ਮਾਹੀਤਿ।। ਪੰਚ ਚੋਰ ਕੀ ਜਾਣੈ ਰੀਤਿ।।
(ਗਉੜੀ ਕਬੀਰ ਜੀਉ ੩੪੪)

ਸਤਿਗੁਰੂ ਅਰਜਨ ਦੇਵ ਜੀ ਦੇ ਮੁਬਾਰਕ ਬਚਨ ਹਨ ਕਿ ਗਾਥਾ ਵਿੱਚ ਅਕਾਲ ਪੁਰਖ ਦੇ ਨਾਮ ਦੀ ਮਹਿਮਾ ਗੁੰਦੀ ਹੋਈ ਹੈ। ਇਸ ਦੀ ਵੀਚਾਰ ਨਾਲ ਹੰਕਾਰ ਦਾ ਮਲੀਆ ਮੇਟ ਹੁੰਦਾ ਹੈ ਤੇ ਹਰੀ ਦੇ ਬਾਣ ਨਾਲ ਪੰਜਾਂ ਕਾਮਾਦਿਕ ਵੈਰੀਆਂ ਦਾ ਨਾਸੁ ਹੁੰਦਾ ਹੈ।

ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ।।
ਹੰਤ ਪੰਚ ਸਤਰੇਣ।। ਨਾਨਕ ਹਰਿ ਬਾਣ ਪ੍ਰਹਾਰਣਹ।।
(ਮਹਲਾ ੫ ਗਾਥਾ-੧੩੬੦)

ਤੀਖਣ ਬਾਣ ਚਲਾਉਣ ਦਾ ਭਾਵ ਪ੍ਰੇਮ ਭਾਵਨਾ ਤੇ ਇਕਸਾਰਤਾ ਨਾਲ ਇਉਂ ਨਾਮ ਧਿਆਉਣਾ ਹੈ ਕਿ ਸੁਰਤੀ ਇਕੋ ਨਾਮ ਵਿਚ ਲਿਵਲੀਨ ਰਹੇ ਤੇ ਭਟਕਣਾ ਖਤਮ ਹੋ ਜਾਇ। ਪ੍ਰੇਮ ਰਹਿਤ ਇਕਾਗਰਤਾ ਨਾਲ ਤੀਖਣ ਬਾਣ ਨਹੀਂ ਚੱਲਦਾ। ਸਤਿਗੁਰੂ ਦਾ ਫੁਰਮਾਨ ਹੈ :-

ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ।।
ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ।।
ਤੀਖਣ ਬਾਣ ਚਲਾਇ ਨਾਮੁ ਪ੍ਰਭ ਪਾਈਐ।।
ਹਰਿ ਹਾਂ ਮਹਾ ਬਿਖਾਦੀ ਘਾਤ ਪੂਰਨ ਗੁਰੂ ਪਾਈਐ।।੧੬।।
(ਗਾਥਾ ੧੩੬੩)

ਇਹ ਦੈਵੀ ਕਲਾ, ਜੀਵ ਦੀ ਆਪਣੀ ਕਰਨ ਨਾਲ ਨਹੀਂ, ਬਖਸ਼ਸ਼ ਦੁਆਰਾ ਵਾਪਰਦੀ ਹੈ। ਸਤਿਗੁਰੂ ਦੇ ਦ੍ਰਿੜ੍ਹਾਏ ਨਾਮ ਦੇ ਤੁੱਲ ਕੋਈ ਕਰਮ ਧਰਮ ਨਹੀਂ ਹੈ।

ਕਵਿ ਕਲ ਠਾਕੁਰ ਹਰਦਾਸ ਤਨੇ
ਗੁਰ ਰਾਮਦਾਸ ਸਰ ਅਭਰ ਭਰੇ।। (ਸਵਈਏ-੧੩੯੭)

ਜਿਉ ਜਗਦਾ ਦੀਵਾ ਹੀ ਦੂਸਰੇ ਦੀਵੇ ਨੂੰ ਜਗਾ ਸਕਦਾ ਹੈ। ਤਿਵੇਂ ਪੰਜਾਂ ਨੂੰ ਸੰਘਾਰਨ ਦੀ ਬਖਸ਼ਸ਼ ਉਹੀ ਕਰ ਸਕਦਾ ਹੈ ਜਿਹੜਾ ਆਪ ਪੰਜਾਂ ਨੂੰ ਮਾਰਨ ਦੀ ਸਮਰਥਾ ਰੱਖਦਾ ਹੋਵੇ। ਕੱਚੇ ਗੁਰਮੁਖ ਤੋਂ ਪੰਜਾਂ ਦਾ ਸੰਘਾਰਨ ਬਿਲਕੁਲ ਨਹੀਂ ਹੁੰਦਾ, ਕਿਉਂਕਿ ਉਹ ਆਪਣੀ ਪੂਜਾ ਦੇ ਮੋਹ, ਮਾਨਤਾ ਦੀ ਭੁੱਖ ਤੇ ਸ਼ਕਤੀ ਦੇ ਦਿਖਾਵੇ ਤੋਂ ਰਹਿਤ ਨਹੀਂ ਹੁੰਦੇ। ਐਸੇ ਪੁਰਸ਼ ਦੀ ਬਖਸ਼ਸ਼ ਬਿਲਕੁਲ ਬੇ-ਬੁਨਿਆਦ ਤੇ ਅਧੂਰੀ ਹੈ। ਸਤਿਗੁਰੂ ਬਿਨਾਂ ਹੋਰ ਕਿਸੇ ਨੇ ਸ਼ਬਦ ਗੁਰੂ ਦੀ ਮਹਿਮਾ ਨਹੀਂ ਪ੍ਰਗਟਾਈ ਤੇ ਏਨੇ ਉਚ-ਅਸਥਾਨ ਦੀ ਰੀਸ ਕੇਵਲ ਗੱਲਾਂ ਨਾਲ ਨਹੀਂ ਹੁੰਦੀ।

ਪੰਚ ਜਨਾ ਗੁਰਿ ਵਸਗਤਿ ਆਣੇ
ਤਉ ਉਨਮਨਿ ਨਾਮਿ ਲਗਾਨੀ।।
ਜਨ ਨਾਨਕ ਹਰਿ ਕਿਰਪਾ ਧਾਰੀ
ਹਰਿ ਨਾਮੈ ਨਾਮਿ ਸਮਾਨੀ।।
(ਸਾਰੰਗ ਮਹਲਾ ੪ ੧੧੯੯-੧੨੦੦)

ਕਬੀਰ ਭਗਤ ਦਾ ਨਿਰਣਾ ਹੈ ਕਿ ਜਿਹੜੇ ਪੁਰਸ਼ਾਂ ਨੇ ਪੰਜਾਂ ਦਾ ਖੰਡ-ਖੰਡ ਕੀਤਾ ਹੈ ਉਨ੍ਹਾਂ ਤੋਂ ਪਰਮ ਪਦਵੀ, ਅਰਥਾਤ ਉੱਚੀ ਸ੍ਰੇਸਟ ਅਵਸਥਾ ਦੂਰ ਨਹੀਂ ਹੈ।

ਕਹਤ ਕਬੀਰ ਪੰਚ ਜੋ ਚੂਰੇ।।
ਤਿਨ ਤੇ ਨਾਹਿ ਪਰਮਪਦੁ ਦੂਰੇ।।
(ਆਸਾ ਸ੍ਰੀ ਕਬੀਰ ਜੀਉ ੪੭੮)

ਪੰਜਾਂ ਦਾ ਰੋਗ ਬਹੁਤ ਅਵੱਲਾ ਹੈ। ਇਨ੍ਹਾਂ ਨੂੰ ਜਿੱਤਣ ਦਾ ਮਾਣ ਕੋਈ ਜੀਵ ਨਹੀਂ ਕਰ ਸਕਦਾ। ਜ਼ਿੰਦਗੀ ਵਿਚ ਇਮਤਿਹਾਨ ਤਾਂ ਆਉਂਦੇ ਹੀ ਹਨ ਪਰ ਬਚਦਾ ਉਹੀ ਹੈ ਜਿਹੜਾ ਪ੍ਰੀਖਿਆ ਦੀ ਕੁਠਾਲੀ ਵਿਚ ਨਹੀਂ ਪੈਂਦਾ ਜਾਂ ਜਿਸ ਦੇ ਉੱਤੇ ਪੂਰਨ ਸਤਿਗੁਰੂ ਦਾ ਹੱਥ ਹੈ। ਇਤਿਹਾਸ ਦੱਸਦਾ ਹੈ ਕਿ ਕਈ 'ਸੁੰਦਰ ਸੁਘੜ ਸਰੂਪ ਸਿਆਨੇ' ਤੇ ਰਿਸ਼ੀ ਮੁਨੀ ਬ੍ਰਹਮਾਦਿਕ ਦੇਵਤੇ ਪੰਜਾਂ ਨੇ ਛਲ ਲਏ।

ਹਜ਼ੂਰ ਨੇ ਸਾਨੂੰ ਸਾਵਧਾਨ ਕੀਤਾ ਹੈ ਕਿ ਇਨ੍ਹਾਂ ਕੀ ਸੈਨਾ ਤਕੜੀ ਧੋਖਾ ਦੇਣ ਵਾਲੀ ਤੇ ਹੌਂਸਲੇ ਵਾਲੀ ਹੈ। ਇਹ ਸਹਜੇ ਕੀਤੇ ਮੈਦਾਨ ਛੱਡ ਕੇ ਭੱਜਦੀ ਨਹੀਂ। ਇਸ ਨੂੰ ਜਿੱਤਣ ਲਈ ਦੁਆਈ ਖਾਣ ਤੇ ਪਰਹੇਜ਼ ਕਰਨ ਦੋਹਾਂ ਦੀ ਲੋੜ ਹੈ।

ਜਿਹੜਾ ਗੁਰਸਿੱਖ ਸਤਿਗੁਰੂ ਜੀ ਦਾ ਉਪਦੇਸ਼ ਸਮਝ ਕੇ ਹਿਰਦੇ ਵਿਚ ਦ੍ਰਿੜ੍ਹਾਉਂਦਾ ਹੈ, ਸੱਚੇ ਦਿਲੋਂ ਕਮਾਉਂਦਾ ਹੈ ਤੇ ਗੁਰ ਸੰਗਤ ਦੀ ਓਟ ਪ੍ਰਾਪਤ ਕਰਦਾ ਹੈ, ਉਸ ਦੇ ਅੱਗੇ ਵੈਰੀਆਂ ਦੇ ਨਾਸ਼ ਕਰਨ ਵਿਚ ਕੋਈ ਵਿਘਨ ਨਹੀਂ ਪੈਂਦਾ। ਗੁਰਵਾਕ ਹੈ :-

ਆਸਾ ਮਹਲਾ ੫।।
ਚਾਰਿ ਚਉਹਾਂ ਕੇ ਮਰਦਨ, ਖਟੁ ਦਰਸਨ ਕਰ ਤਲੀ ਰੇ।।
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ।।੧।।
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਣ ਬਲੀ ਰੇ।।
ਜਿਨਿਪੰਚਮਾਰਿਬਦਾਰਿਗੁਦਾਰੇਸੋਪੂਰਾਇਹਕਲੀਰੇ।।੧।।ਰਹਾਉ।।
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫੌਜ ਹਠਲੀ ਰੇ।।
ਕਹੁ ਨਾਨਕ ਤਿਨਿ ਜਨਿ ਨਿਰਦਲਿਆ
ਸਾਧ ਸੰਗਤਿ ਕੈ ਝਲੀਰੇ।। (ਪੰਨਾ ੪੦੪)

ਗੁਰੂ ਨਾਨਕ ਜੀ ਦੇ ਘਰ ਵਿੱਚ ਕੇਵਲ ਨਾਮ ਦਾ ਵਿਉਹਾਰ ਹੈ ਤੇ ਨਾਮ ਦੀ ਕਦਰ ਹੈ, ਨਾਮ ਦੀ ਕਮਾਈ ਤੇ ਨਾਮ ਦੀ ਵਡਿਆਈ ਹੈ। ਗੁਰਦੇਵ ਜੀ ਨੇ ਦੈਵੀ ਗੁਣਾਂ ਦੀ ਦਾਤਿ, ਦਾਤਾਂ ਸਿਰ ਦਾਤਿ, ਨਉ ਨਿਧਿ

(ਬਾਕੀ ਪੰਨਾ ੪੦ ਤੇ ...)



www.AKJ.Org

# ਅਰਦਾਸ

ਡਾ: ਕੁਲਦੀਪ ਕੌਰ 964/ਫੇਜ਼ xi ਮੋਹਾਲੀ

ਸਿੱਖ ਸਿਧਾਂਤਾਂ ਅਨੁਸਾਰ ਅਰਦਾਸ ਦੀ ਬਹੁਤ ਮਹਾਨਤਾ ਹੈ। ਖੁਸ਼ੀ ਦਾ ਅਵਸਰ ਹੋਵੇ ਜਾਂ ਗ਼ਮੀ ਦਾ, ਦੁੱਖ ਹੋਵੇ ਜਾਂ ਸੁੱਖ, ਸਿੱਖ ਲਈ ਦੋ ਹੱਥ ਜੋੜ ਅਕਾਲ ਪੁਰਖ ਅੱਗੇ ਅਰਦਾਸ ਕਰਨੀ ਜ਼ਰੂਰੀ ਹੈ। ਖੁਸ਼ੀ ਸਮੇਂ ਉਸ ਦੀਆਂ ਬਖਸ਼ਿਸ਼ਾਂ ਚੇਤੇ ਕਰਕੇ ਸ਼ੁਕਰਾਨਾ ਕਰਨਾ ਹੁੰਦਾ ਹੈ। ਔਕੜ ਸਮੇਂ ਉਸ ਕੋਲੋਂ ਭਾਣਾ ਮੰਨਣ ਦੀ ਸ਼ਕਤੀ ਦੀ ਮੰਗ ਕਰਨੀ ਹੁੰਦੀ ਹੈ। ਆਪਣੀਆਂ ਭੁੱਲਾਂ ਬਖਸ਼ਾਉਣ ਲਈ ਤੇ ਹਰ ਤਰ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਵੀ ਅਰਦਾਸ ਕੀਤੀ ਜਾਂਦੀ ਹੈ। 'ਮਹਾਨ ਕੋਸ਼' ਦੇ ਕਰਤਾ ਭਾਈ ਸਾਹਿਬ ਭਾਈ ਕਾਨ੍ਹ ਸਾਹਿਬ ਸਿੰਘ ਜੀ ਦੇ ਸ਼ਬਦਾਂ ਅਨੁਸਾਰ 'ਮੁਰਾਦ ਮੰਗਣ ਦੀ ਕਿਰਿਆ' ਨੂੰ ਅਰਦਾਸ ਕਹਿੰਦੇ ਹਨ। ਇਸਦਾ ਫਾਰਸੀ ਮੂਲ 'ਅਰਜ਼ ਦਾਸਤ' ਹੈ ਜਿਸ ਤੋਂ ਸਪਸ਼ਟ ਹੈ ਕਿ ਅਰਜ਼ ਜਾਂ ਬਿਨੈ ਅਰਦਾਸ ਦਾ ਮੁੱਖ ਲੱਛਣ ਹੈ। ਅਰਦਾਸ ਕਦੋਂ ਕਿਸ ਅੱਗੇ ਅਤੇ ਕਿਵੇਂ ਕੀਤੀ ਜਾਵੇ, ਇਸ ਸੰਬੰਧੀ ਆਪ ਨੇ ਦੱਸਿਆ ਹੈ ਕਿ "ਸਿੱਖ ਧਰਮ ਵਿੱਚ ਨਿੱਤ ਨੇਮ ਦੀ ਬਾਣੀ ਦਾ ਪਾਠ ਕਰਕੇ ਅਤੇ ਹੋਰ ਅਨੇਕਾਂ ਕਾਰਜਾਂ ਦੀ ਪੂਰਤੀ ਲਈ ਅਰਦਾਸ ਕੀਤੀ ਜਾਂਦੀ ਹੈ। ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਵਿਧਾਨ ਹੈ ਅਤੇ ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜ ਕੇ ਖੜੇ ਹੋਣ ਦੀ ਆਗਿਆ ਹੈ।"

ਅਰਦਾਸ ਜਿਸਨੂੰ ਪ੍ਰਾਰਥਨਾ ਜਾਂ Prayer ਵੀ ਕਹਿੰਦੇ ਹਨ ਸੰਸਾਰ ਵਿੱਚ ਧਰਮ ਦੀ ਹੋਂਦ ਦਾ ਪ੍ਰਤੱਖ ਸਬੂਤ ਹੈ। ਇਸਦੀ ਪਰਿਭਾਸ਼ਾ ਦੱਸਦਿਆਂ ਹੋਇਆ ਲੱਗਭਗ ਸਾਰੇ ਵਿਦਵਾਨਾਂ ਨੇ ਇਕੋ ਜਿਹੇ ਵਿਚਾਰ ਹੀ ਪ੍ਰਗਟ ਕੀਤੇ ਹਨ। ਨਾਗਰੀ ਪ੍ਰਚਾਰਣੀ ਸਭਾ ਕਾਸ਼ੀ ਵੱਲੋਂ ਛਪੇ 'ਸੰਖਿਸ਼ਪਤ ਹਿੰਦੀ ਸ਼ਬਦ ਸਾਗਰ' ਵਿੱਚ ਪ੍ਰਾਰਥਨਾ ਦੇ ਅਰਥ ਦਿੱਤੇ ਗਏ ਹਨ : ਬਿਨਤੀ, ਬਿਨਯ, ਨਿਵੇਦਨ, ਕਿਸੇ ਕੋਲੋਂ ਕੁੱਝ ਮੰਗਣਾ, ਯਾਚਨਾ।

ਸ੍ਰੀ ਰਾਮ ਚੰਦਰ ਸੁਕਲ ਨੇ 'ਭਾਸ਼ਾ ਸ਼ਬਦ ਕੋਸ਼' ਵਿੱਚ ਵੀ ਉਪਰੋਕਤ ਭਾਂਤ ਦੇ ਅਰਥ ਹੀ ਦਿੱਤੇ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਰਜ਼ ਦਾਸਤ ਜਾਂ ਪ੍ਰਾਰਥਨਾ ਦਾ ਮੂਲ ਵਿਸ਼ਾ ਇੱਕੋ ਹੀ ਹੈ ਅਤੇ ਉਹ ਹੈ ਮੰਗ ਮੰਗਣੀ।

ਪੱਛਮ ਦੇ ਧਾਰਮਿਕ ਸਿੱਧਾਂਤਾਂ ਅਨੁਸਾਰ Prayer ਦੀ ਦੋ ਤਰ੍ਹਾਂ ਨਾਲ ਵਿਆਖਿਆ ਕੀਤੀ ਜਾਂਦੀ ਹੈ। 'ਵਿਸ਼ਾਲ ਅਰਥਾਂ ਵਿੱਚ ਇਹ ਇਕ ਧਾਰਮਿਕ ਕ੍ਰਿਆ ਹੈ ਜਿਸਦਾ ਪ੍ਰਮਾਣਿਕ ਭਾਵ ਹੈ ਆਪਣੇ ਹਿਰਦੇ ਨੂੰ ਉੱਚਾ ਉਠਾ ਕੇ ਈਸ਼ਵਰ ਵੱਲ ਲਿਜਾਣਾ ਜਾਂ ਈਸ਼ਵਰ ਨੂੰ ਸੰਬੋਧਨ ਕਰਕੇ ਉਸ ਨਾਲ ਗੱਲਾਂ ਕਰਨੀਆਂ। ਸੀਮਿਤ ਅਰਥਾਂ ਵਿੱਚ ਪ੍ਰਾਰਥਨਾ ਦਾ ਭਾਵ ਹੈ ਈਸ਼ਵਰ ਕੋਲੋਂ ਮੰਗ ਮੰਗਣੀ।"

ਪ੍ਰਾਰਥਨਾ ਤੋਂ ਦੋ ਭਾਵ ਲਏ ਜਾਂਦੇ ਹਨ। ਈਸ਼ਵਰ ਨੂੰ ਸੰਬੋਧਨ ਕਰਨ ਦੀ ਕਿਰਿਆ ਅਤੇ ਈਸ਼ਵਰ ਨੂੰ ਸੰਬੋਧਨ ਕਰਨ ਲਈ ਵਰਤੇ ਜਾਣ ਵਾਲੇ ਸ਼ਬਦ। ਇਹ ਸ਼ਬਦ ਨਿਸ਼ਚਿਤ ਵੀ ਹੋ ਸਕਦੇ ਹਨ ਅਤੇ ਸਹਿਜ ਸੁਭਾ ਉਚਾਰਣ ਕੀਤੇ ਜਾਣ ਵਾਲੇ ਵੀ। ਦੋਹਾਂ ਤਰ੍ਹਾਂ ਦੇ ਇਹ ਸ਼ਬਦ ਜੋ ਨਿਜੀ ਰੂਪ ਤੇ ਸਮੂਹਕ ਪ੍ਰਾਰਥਨਾ ਲਈ ਵਰਤੇ ਜਾਂਦੇ ਹਨ ਇੱਕ ਦੂਜੇ ਦੇ ਉਲਟ ਨਹੀਂ ਹੁੰਦੇ ਸਗੋਂ ਇਹ ਦੋਵੇ ਮਿਲ ਕੇ ਹੀ ਭਾਵਾਂ ਨੂੰ ਸੰਪੂਰਨਤਾ ਪ੍ਰਦਾਨ ਕਰਦੇ ਹਨ।

ਅਰਦਾਸ, ਪ੍ਰਾਰਥਨਾ ਅਤੇ Prayer ਦੇ ਭਿੰਨ ਭਿੰਨ ਕੋਸ਼ਾਂ ਅਨੁਸਾਰ ਦਿੱਤੇ ਉਪਰੋਕਤ ਅਰਥਾਂ ਤੋਂ ਸਪਸ਼ਟ ਹੈ ਕਿ ਸਾਧਾਰਣ ਸ਼ਬਦਾਂ ਵਿੱਚ ਕਿਸੇ ਪਰਾ ਸਰੀਰਕ ਸ਼ਕਤੀ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਅਤੇ ਆਪਣੀ ਕਿਸੇ ਖ਼ਾਸ ਇੱਛਾ ਦੀ ਪੂਰਤੀ ਲਈ ਉਸ ਅੱਗੇ ਬੇਨਤੀ ਕਰਨ ਨੂੰ ਪ੍ਰਾਰਥਨਾ ਜਾਂ ਅਰਦਾਸ ਕਹਿੰਦੇ ਹਨ। ਪ੍ਰਾਰਥਨਾ ਸਮੇਂ ਜੀਵ ਉਸਦੇ ਗੁਣਾਂ ਦਾ ਗਾਇਨ ਕਰਦਾ ਹੈ। ਉਸ ਦੀਆਂ ਦਿੱਤੀਆਂ ਦਾਤਾਂ ਨੂੰ ਚੇਤੇ ਕਰਕੇ ਸ਼ੁਕਰਾਨੇ ਦੀ ਅਵਸਥਾ ਵਿੱਚ ਆਉਂਦਾ ਹੈ। ਉਸ ਨਾਲ ਆਤ੍ਰਿਕ ਸੰਬੰਧ ਸਥਾਪਤ ਕਰਕੇ ਅਭੇਦਤਾ ਦੀ ਦਸ਼ਾ ਵਿੱਚ ਜਾਣ ਦੇ ਯਤਨ ਕਰਦਾ ਹੈ ਅਤੇ ਨਾਲ ਹੀ ਉਸ ਅੱਗੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਬੇਨਤੀਆਂ ਕਰਦਾ ਹੈ।

ਇਸ ਸ਼ਕਤੀ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਅਤੇ ਭਿੰਨ ਭਿੰਨ ਵਿਧੀਆਂ ਰਾਹੀਂ ਉਸ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ। ਪ੍ਰਾਰਥਨਾ ਦੀ ਭਾਵਨਾ ਮਨੁੱਖੀ ਸੁਭਾ ਵਿੱਚ ਇੰਨੀ ਪ੍ਰਬਲ ਹੈ ਕਿ ਜਿਹੜੇ ਮਤ ਸਿੱਧਾਂਤਕ ਪੱਖ ਤੋਂ ਅਨੀਸ਼ਵਰ ਵਾਦੀ ਮੰਨੇ ਜਾਂਦੇ ਹਨ, ਉਨ੍ਹਾਂ ਦੇ ਅਨੁਯਾਈ ਵੀ ਅਰਦਾਸ ਦੀ ਸ਼ਕਤੀ ਨੂੰ ਅਨੁਭਵ ਕਰਨੋਂ ਰਹਿ ਨਹੀਂ ਸਕੇ। ਉਦਾਹਰਣ ਦੇ ਤੌਰ ਤੇ ਬੁੱਧ ਮਤ ਅਨੁਸਾਰ ਸੰਸਾਰ ਦਾ ਰਚਨਹਾਰ ਕੋਈ ਨਹੀਂ ਅਤੇ ਨਾ ਹੀ ਕੋਈ ਇਸਦਾ ਪ੍ਰਬੰਧ ਕਰਨ ਵਾਲਾ ਹੈ। ਮਹਾਤਮਾ ਬੁੱਧ ਨੇ ਧਾਰਮਿਕ ਤੇ ਨੈਤਿਕ ਆਦਰਸ਼ਾਂ ਦੀ ਸੰਪੂਰਣਤਾ ਦਾ ਨਿਰਭਰ ਸ੍ਵੈ ਸੰਪੂਰਣਤਾ ਤੇ ਦੱਸਿਆ ਇਸ ਲਈ ਇਸ ਮਤ ਅਨੁਸਾਰ ਪ੍ਰਾਰਥਨਾ ਦਾ ਕੋਈ ਮਹੱਤਵ ਨਹੀਂ ਸਮਝਿਆ ਜਾਂਦਾ। ਪਰ, ਕਿਉਂਕਿ ਬੁੱਧ ਮਤ ਦਾ ਪ੍ਰਚਾਰ ਮਹਾਤਮਾ ਬੁੱਧ ਦੇ ਚੋਲਾ ਤਿਆਗਣ ਪਿੱਛੋਂ ਹੀ ਕੀਤਾ



www.AKJ.Org

ਗਿਆ ਅਤੇ ਉਸ ਸਮੇਂ ਤੱਕ ਬੋਧੀ ਭਿਕਸ਼ੂਆਂ ਨੇ ਉਸ ਨਾਲ ਆਪਣਾ ਸੰਬੰਧ ਗੁਰੂ ਤੇ ਚੇਲੇ ਵਾਲਾ ਸਥਾਪਤ ਕਰ ਲਿਆ ਸੀ। ਇਸ ਲਈ ਉਹ 'ਬੁੱਧ' ਦੀ ਪ੍ਰਾਪਤੀ ਲਈ ਮਹਾਤਮਾ ਬੁੱਧ ਅੱਗੇ ਪ੍ਰਾਰਥਨਾ ਕਰਨ ਲੱਗ ਪਏ ਸਨ। ਮਹਾਤਮਾ ਬੁੱਧ ਨੂੰ ਕੇਵਲ ਸੰਪੂਰਣ ਮਾਨਵ ਸ਼ਵਸੀਅਠ ਹੀ ਨਹੀਂ ਸੀ ਸਮਝਿਆ ਜਾਂਦਾ ਸਗੋਂ ਉਸਨੂੰ 'ਧਰਮ ਕਾਇਆ' (Embodiment of Universal Truth) ਆਖਿਆ ਜਾਂਦਾ ਸੀ। ਸੱਚ ਦੀ ਪ੍ਰਾਪਤੀ ਲਈ ਭਿਕਸ਼ੂ ਕਈ ਤਰ੍ਹਾਂ ਦੇ ਪ੍ਰਣ ਦੇ ਪ੍ਰਾਰਥਨਾਵਾਂ ਕਰਦੇ ਸਨ। ਉਨ੍ਹਾਂ ਦੀ ਪ੍ਰਾਰਥਨਾ ਨੂੰ ਸੰਸਕ੍ਰਿਤ ਵਿੱਚ 'ਪ੍ਰਾਣੀਧਾਨ' ਅਤੇ ਪਾਲੀ ਵਿੱਚ 'ਪਾਨੀ ਧਾਨ' ਕਿਹਾ ਜਾਂਦਾ ਸੀ। ਪਾਲੀ ਗ੍ਰੰਥ ਵਿੱਚ 'ਪਾਨੀ ਧਾਨ' ਦਾ ਭਾਵ ਹੈ ਮਨ ਨੂੰ ਪ੍ਰਜਵਲਿਤ ਕਰਨ ਵਾਲੀ ਕਿਸੇ ਵਸਤੂ ਜਾਂ ਵਿਚਾਰ ਉਤੇ ਚਿਤਬ੍ਰਿਤੀਆਂ ਨੂੰ ਇਕਾਗਰ ਕਰਕੇ ਸਹਿਜ ਅਵਸਥਾ ਵਿੱਚ ਲਿਆਉਣਾ।

ਜੈਨੀ ਵੀ ਕਿਸੇ ਅਦਿੱਖ ਸ਼ਕਤੀ ਅਗੇ ਬੇਨਤੀ ਨਹੀਂ ਕਰਦੇ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਕਰਮਾਂ ਦਾ ਫਲ ਅਵੱਸ਼ ਹੀ ਭੋਗਣਾ ਪੈਂਦਾ ਹੈ। ਜੇ ਦੁੱਖ ਸੁੱਖ ਲਿਖੇ ਕਰਮਾਂ ਅਨੁਸਾਰ ਹੀ ਭੋਗਣੇ ਹਨ, ਤਾਂ ਅਰਜ਼ੋਈਆਂ ਤੇ ਬੇਨਤੀਆਂ ਕਰਨ ਦਾ ਕੀ ਲਾਂਭ ? ਬੁੱਧ ਮੱਤ ਵਾਂਗ ਜੈਨਮਤ ਵੀ ਅਨੀਸ਼ਵਰਵਾਦੀ ਮਤ ਹੈ। ਇਸੇ ਲਈ ਇਸ ਮਤ ਦੀ ਸਿਧਾਂਤਕ ਫਿਲਾਸਫੀ ਵਿੱਚ ਪ੍ਰਾਰਥਨਾ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ ਕਿ ਕਿਤੇ ਲੋਕ ਈਸਵਰਵਾਦੀ ਨਾ ਬਣ ਜਾਣ। ਪਰ ਇੰਨਾ ਕੁੱਝ ਹੁੰਦਿਆਂ ਹੋਇਆ ਵੀ ਵਾਤਾਵਰਣਤੋਂ ਪ੍ਰਭਾਵਿਤ ਹੋਣ ਕਰਕੇ ਜੈਨੀ ਪ੍ਰਾਰਥਨਾ ਦੀ ਵਰਤੋਂ ਕਰਨ ਲੱਗ ਪਏ ਹਨ।

ਯੂਨਾਨੀ ਫਿਲਾਸਫਰ ਪਲੈਟੋ ਨੇ ਪਰਾਈਵੇਟ ਪੂਜਾ ਸਥਾਨ ਬਣਾਉਣ ਅਤੇ ਧਾਰਮਿਕ ਕੀਤੀ ਰਿਵਾਜ ਪੂਰੇ ਕਰਨ ਦੀ ਮਨਾਹੀ ਕੀਤੀ ਹੋਈ ਸੀ, ਪਰ ਪ੍ਰਾਰਥਨਾ ਦੀ ਮਹਾਨਤਾ ਨੂੰ ਉਹ ਵੀ ਅਖੋਂ ਓਹਲੇ ਨਹੀਂ ਸੀ ਕਰ ਸਕਿਆ। ਇਸੇ ਲਈ ਉਸਨੇ ਆਖਿਆ ਸੀ ਕਿ ਲੋਕ ਪ੍ਰਾਰਥਨਾ ਕਰਨ ਲਈ ਮੰਦਰਾਂ ਵਿੱਚ ਜਾ ਸਕਦੇ ਹਨ ਅਤੇ ਹੋਰ ਜਿਹੜਾ ਵੀ ਉਨ੍ਹਾਂ ਨਾਲ ਸ਼ਾਮਿਲ ਹੋਣਾ ਚਾਹੇ, ਹੋ ਸਕਦਾ ਹੈ।

ਸੰਖੇਪ ਵਿੱਚ ਪ੍ਰਾਰਥਨਾ ਇੱਕ ਅਜਿਹੀ ਪ੍ਰਕਿਆ ਹੈ ਜਿਸਦੀ ਮਹਾਨਤਾ ਨੂੰ ਸੰਸਾਰ ਦੇ ਸਾਰੇ ਧਾਰਮਿਕ ਆਗੂਆਂ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਅਨੁਭਵ ਕੀਤਾ ਤੇ ਪ੍ਰਗਟਾਇਆ ਹੈ। ਵਾਸਤਵ ਵਿੱਚ ਇਹ ਮਨੁੱਖ ਦਾ ਯੁਕਤੀ ਪੂਰਣ, ਲਾਭਦਾਇਕ ਤੇ ਸੁਭਾਵਿਕ ਕਰੱਤਵ ਹੈ ਅਤੇ ਹੋਰ ਕਰਤੱਵਾ ਵਾਂਗ ਇਸਦੀ ਪੂਰਤੀ ਕਰਨੀ ਵੀ ਜ਼ਰੂਰੀ ਹੈ। ਇਹੋ ਕਾਰਣ ਹੈ ਕਿ ਮਨੁੱਖਤਾ ਦੇ ਬਚਪਨ ਤੋਂ ਹੀ ਪ੍ਰਾਰਥਨਾ ਕਰਨ ਵੱਲ ਧਿਆਨ ਦਿੱਤਾ ਜਾਣ ਲੱਗ ਪਿਆ ਸੀ। ਆਰੰਭ ਵਿੱਚ ਖ਼ਾਸ ਖ਼ਾਸ ਦੇਵਤਿਆਂ ਅੱਗੇ ਖ਼ਾਸ ਖ਼ਾਸ ਮਨੋਰਥਾਂ ਦੀ ਪੂਰਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਸੀ। ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਮਨੁੱਖ ਦੇ ਵਿਭਿੰਨ ਜੀਵਨ-ਖੇਤਰਾਂ ਵਿੱਚ ਉਸਦੀ ਸਹਾਇਤਾ ਕਰਨ ਵਾਲੀਆਂ ਸ਼ਕਤੀਆਂ ਵੀ ਭਿੰਨ ਭਿੰਨ ਹਨ। ਕੋਈ ਦੇਵਤਾ ਬਿਮਾਰੀ ਦੂਰ ਕਰਦਾ ਹੈ ਕੋਈ ਭੂਤ ਪ੍ਰੇਤ ਵਸ ਵਿੱਚ ਕਰਦਾ ਹੈ ਅਤੇ ਕੋਈ ਮਾਇਆ ਪ੍ਰਾਪਤੀ ਵਿੱਚ ਸਹਾਇਤਾ ਕਰਦਾ ਹੈ। ਸੋ, ਜਿਸ ਪ੍ਰਕਾਰ ਦੀ ਜਿਸ ਸਮੇਂ ਲੋੜ ਹੁੰਦੀ ਸੀ, ਉਸੇ ਅਨੁਸਾਰ ਹੀ ਦੇਵਤੇ ਦੀ ਚੋਣ ਕਰਕੇ ਉਸ ਅੱਗੇ ਬੇਨਤੀ ਜਾਂ ਪ੍ਰਾਰਥਨਾ ਕੀਤੀ ਜਾਂਦੀ ਸੀ। ਬੇਨਤੀ ਕਰਨ ਦਾ ਅਧਿਕਾਰ ਵੀ ਹਰ ਇਕ ਨੂੰ ਨਹੀਂ ਸੀ ਹੁੰਦਾ ਕਿਉਂਕਿ ਆਮ ਮਨੁੱਖ ਨੂੰ ਇੰਨੀ ਜਾਣਕਾਰੀ ਨਹੀਂ ਸੀ ਹੁੰਦੀ ਕਿ ਕਿਸ ਦੇਵਤੇ ਕੋਲ ਕਿਹੜੀਆਂ ਸ਼ਕਤੀਆਂ ਹਨ। ਪੁਰੋਹਿਤ ਜਾਂ ਪਾਦਰੀ ਸ਼੍ਰੇਣੀ ਦੇ ਲੋਕਾਂ ਕੋਲ ਹੀ ਇਸ ਪ੍ਰਕਾਰ ਦਾ ਗਿਆਨ ਭੰਡਾਰ ਹੁੰਦਾ ਸੀ। ਸੋ ਜਦੋਂ ਵੀ ਬੇਨਤੀ ਕਰਨ ਦਾ ਕੋਈ ਵਿਸ਼ੇਸ਼ ਅਵਸਰ ਹੁੰਦਾ ਸੀ ਤਾਂ ਉਪਰੋਕਤ ਸ਼੍ਰੇਣੀ ਦੇ ਕਿਸੇ ਵਿਅਕਤੀ ਨੂੰ ਨਿਮੰਤ੍ਰਿਤ ਕੀਤਾ ਜਾਂਦਾ ਸੀ ਅਤੇ ਇਹ ਕਾਰਜ ਕਰਵਾਉਣ ਤੇ ਉਸਨੂੰ ਕੁੱਝ ਨਾ ਕੁੱਝ ਅਵੱਸ਼ ਹੀ ਭੇਟ ਕੀਤਾ ਜਾਂਦਾ ਸੀ। ਸਮਾਂ ਪਾ ਕੇ ਅਨੇਕ ਦੇਵ ਪੂਜਾ ਦੀ ਥਾਂ ਇਕ ਮਹਾਨ ਸੱਤਾ ਅੱਗੇ ਪ੍ਰਾਰਥਨਾ ਕੀਤੀ ਜਾਣ ਲੱਗ ਪਈ।

ਇਸ ਮਹਾਨ ਸੱਤਾ ਨੂੰ ਵੱਖ ਵੱਖ ਧਰਮਾਂ ਵਾਲਿਆਂ ਨੇ ਵੱਖ ਵੱਖ ਰੂਪਾਂ ਵਿੱਚ ਵੇਖਿਆ। ਕੋਈ ਯਸੂਹ ਅੱਗੇ ਬੇਨਤੀਆਂ ਕਰਦਾ ਹੈ, ਕੋਈ ਰਾਮ ਤੇ ਕ੍ਰਿਸ਼ਨ ਅੱਗੇ। ਕਿਸੇ ਹੋਰ ਨੇ ਹਜ਼ਰਤ ਮੁਹੰਮਦ ਦੀ ਓਟ ਲੈ ਲਈ। ਪਰ ਅਦਿੱਖ ਸ਼ਕਤੀ ਦੇ ਇਨ੍ਹਾਂ ਸ਼ਖਸੀ ਰੂਪਾਂ ਤੋਂ ਉਪਰੰਤ ਲਗਭਗ ਸਾਰੇ ਧਰਮਾਂ ਨੇ 'ਇੱਕ ਸੱਤਾ' ਅਰਥਾਤ ਈਸ਼ਵਰ ਦੀ ਹੋਂਦ ਨੂੰ ਵੀ ਸਵੀਕਾਰ ਕੀਤਾ ਹੈ ਭਾਵੇਂ ਉਸਦਾ ਨਾਮ ਕੁੱਝ ਵੀ ਕਿਉਂ ਨਾ ਰੱਖ ਲਿਆ ਹੋਵੇ।

ਜਿਸ ਤਰ੍ਹਾਂ ਈਸ਼ਵਰ ਨੂੰ ਭਿੰਨ ਭਿੰਨ ਰੂਪਾਂ ਵਿੱਚ ਪ੍ਰਤੀਤ ਕੀਤਾ ਗਿਆ ਹੈ ਅਤੇ ਉਸਦੇ ਨਾਮ ਵੀ ਵੱਖੋ ਵੱਖਰੇ ਹੀ ਨਿਸਚਿਤ ਕੀਤੇ ਗਏ ਹਨ, ਉਸੇ ਤਰ੍ਹਾਂ ਈਸ਼ਵਰ ਅੱਗੇ ਪ੍ਰਾਰਥਨਾ ਕਰਨ ਦੇ ਨੇਮ ਅਤੇ ਢੰਗ ਵੀ ਅੱਡੋ ਅੱਡਰੇ ਹਨ। ਯਹੂਦੀ ਪ੍ਰਾਰਥਨਾ ਨੂੰ ਵਿਅਕਤੀਗਤ ਰੂਪ ਹੀ ਦੇਂਦੇ ਹਨ। ਹਰੇਕ ਵਿਅਕਤੀ ਆਪਣੇ ਲਈ ਆਪ



www.AKJ.Org

ਹੀ ਪ੍ਰਾਰਥਨਾ ਕਰਦਾ ਹੈ ਪਰ ਪੂਜਾ ਕਰਨ ਲਈ ਉਹ ਬਹੁਤ ਸਾਰੇ ਇੱਕਠੇ ਹੋ ਜਾਂਦੇ ਹਨ।

ਇਸਲਾਮੀ ਰਵਾਇਤਾਂ ਅਨੁਸਾਰ ਨਿਜੀ ਤੇ ਪਰਾਈਵੇਟ ਪ੍ਰਾਰਥਨਾ ਦਿਨ ਵਿੱਚ ਪੰਜ ਵਾਰੀ ਕੀਤੀ ਜਾਂਦੀ ਹੈ, ਪਰ ਜਨਤਕ ਇੱਕਠ ਵਿੱਚ ਸਾਰਿਆਂ ਲਈ ਪ੍ਰਾਰਥਨਾ ਕਰਨ ਵਾਸਤੇ ਸ਼ੁੱਕਰਵਾਰ ਦਾ ਦਿਨ ਨਿਯਤ ਕੀਤਾ ਗਿਆ ਹੈ। ਇਸਲਾਮ ਦੇ ਆਰੰਭ ਤੋਂ ਹੀ ਇੱਕ ਰਸਮੀ ਪ੍ਰਾਰਥਨਾ ਚਲੀ ਆ ਰਹੀ ਹੈ ਜਿਸਨੂੰ 'ਸਲਾਤ' ਕਹਿੰਦੇ ਹਨ। ਸਲਾਤ ਸਮੇਂ ਪ੍ਰਾਰਥਕ ਇਕ ਵਿਸ਼ੇਸ਼ ਪ੍ਰਕਾਰ ਦੀ ਪਵਿਤ੍ਰ ਮਾਨਸਿਕ ਅਵਸਥਾ ਵਿੱਚ ਹੁੰਦਾ ਹੈ ਜਿਸਨੂੰ ਇਹਰਾਮ ਦੀ ਅਵਸਥਾ ਕਿਹਾ ਜਾਂਦਾ ਹੈ। ਪ੍ਰਾਰਥਕ ਜਾਂ ਅਰਦਾਸੀ ਨੂੰ ਇਸ ਸਮੇਂ, ਵਿਸ਼ੇਸ਼ ਕਰਕੇ ਜੇ ਉਹ ਇਸਤ੍ਰੀ ਹੋਵੇ ਤਾਂ, ਆਪਣਾ ਸਾਰਾ ਸਰੀਰ ਢਕਣਾ ਪੈਂਦਾ ਹੈ ਤਾਂ ਜੋ ਉਹ ਮੈਲੀਆਂ ਨਜ਼ਰਾਂ ਤੋਂ ਬਚ ਸਕੇ। ਉਸਦੇ ਚਿਹਰੇ ਅਤੇ ਹੱਥਾਂ ਤੋਂ ਬਿਨਾਂ ਉਸਦਾ ਹੋਰ ਕੋਈ ਅੰਗ ਵੀ ਅਣਕੱਜਿਆ ਨਹੀਂ ਹੁੰਦਾ ਅਤੇ ਉਹ ਹਰ ਤਕਬੀਰ ਸਮੇਂ ਹੱਥ ਉੱਚੇ ਕਰਦਾ ਹੈ।

ਸਪਸ਼ਟ ਹੈ ਕਿ ਸਾਰੇ ਧਰਮਾਂ ਵਿੱਚ ਪ੍ਰਾਰਥਨਾ ਜਾਂ Prayer ਦੀ ਬੜੀ ਵਿਸ਼ੇਸ਼ਤਾ ਅਨੁਭਵ ਕੀਤੀ ਗਈ ਹੈ ਪਰ ਸਿੱਖ ਧਰਮ ਵਿੱਚ ਅਰਦਾਸ ਦਾ ਜੋ ਸਰੂਪ ਹੈ ਉਹ ਆਪਣੀ ਵਿਸ਼ੇਸ਼ ਵਿਲੱਖਣਤਾ ਰੱਖਦਾ ਹੈ। ਆਤਮਾ ਦਾ ਪਰਮੱਸਤਾ ਨਾਲ ਸੰਬੰਧ ਜੋੜਨ ਲਈ ਸਿੱਖ ਬਾਣੀ ਪੜ੍ਹਦਾ, ਸੁਣਦਾ ਤੇ ਵਿਚਾਰਦਾ ਹੈ। ਗੁਰਬਾਣੀ ਦੁਆਰਾ ਉਸਦੇ ਗੁਣਾਂ ਦਾ ਗਾਇਨ ਕਰਦਾ ਹੈ। ਸਿਮਰਨ ਅਭਿਆਸ ਵਿੱਚ ਜੁੜ ਕੇ ਉਸਨੂੰ ਆਪਣੇ ਅੰਦਰ ਵਸਾਉਂਦਾ ਹੈ। ਇਹ ਸਾਰਾ ਕੁੱਝ ਕਰਦਿਆਂ ਹੋਇਆਂ ਉਹ ਗੁਰਬਾਣੀ ਦੇ ਸ਼ਬਦਾਂ ਰਾਹੀਂ ਉਸਦੀ ਉਚਤਾ ਤੇ ਆਪਣੀ ਤੁੱਛਤਾ ਦਾ ਵਰਣਨ ਕਰਦਾ ਹੈ ਅਤੇ ਬਾਣੀ ਦੀ ਸਹਾਇਤਾ ਨਾਲ ਹੀ ਉਸ ਕੋਲੋਂ ਭਾਂਤ ਭਾਂਤ ਦੀਆਂ ਮੰਗਾਂ ਮੰਗਦਾ ਹੈ।

ਜਪ ਮਨ ਸਤਿਨਾਮੁ ਸਦਾ ਸਤਿਨਾਮੁ
ਹਲਤਿ ਪਲਤਿ ਮੁਖ ਊਜਲ ਹੋਈ ਹੈ,
ਨਿਤ ਧਿਆਈਐ ਹਰਿ ਪੁਰਖ ਨਿਰੰਜਨਾ।

ਦੇ ਉਪਦੇਸ਼ ਨੂੰ ਉਹ ਆਪਣੇ ਜੀਵਨ ਦਾ ਅੰਗ ਬਣਾਉਂਦਾ ਹੈ। ਇਸ ਤਰ੍ਹਾਂ ਨਾਮ ਜਪਣਾ, ਇਕਾਂਤ ਵਿੱਚ ਬੈਠ ਕੇ ਚਿੱਤ ਬ੍ਰਿਤੀਆਂ ਨੂੰ ਇਕਾਗਰ ਕਰਕੇ ਬਾਣੀ ਦਾ ਪਾਠ ਕਰਨ ਜਾਂ ਸੰਗਤ ਵਿੱਚ ਜੁੜ ਕੇ ਗੁਰਬਾਣੀ ਦੇ ਕੀਰਤਨ ਵਿੱਚ ਲਿਵ ਜੋੜਨ ਦੀ ਕ੍ਰਿਆ ਨੂੰ ਪ੍ਰਾਰਥਨਾ ਤਾਂ ਕਹਿ ਸਕਦੇ ਹਾਂ, ਇਸ ਨੂੰ prayer ਦਾ ਨਾਂ ਵੀ ਦਿੱਤਾ ਜਾ ਸਕਦਾ ਹੈ, ਪਰ 'ਅਰਦਾਸ' ਇੱਕ ਤਕਨੀਕੀ ਸ਼ਬਦ ਹੈ ਜਿਸਦੀ ਪਰਿਭਾਸ਼ਾ ਇਸ ਪ੍ਰਕ੍ਰਿਆ ਤੋਂ ਸੂਖਮ ਜਿਹੀ ਭਿੰਨਤਾ ਰੱਖਦੀ ਹੈ। ਸਿੱਖ ਨਾਮ ਜਪੇ, ਸਿਮਰਨ ਅਭਿਆਸ ਵਿੱਚ ਲੀਨ ਹੋਵੇ, ਗੁਰਬਾਣੀ ਦਾ ਪਾਠ ਜਾਂ ਕੀਰਤਨ ਕਰੇ ਜਾਂ ਸੁਣੇ, ਗੁਰਮਤਿ ਸਿਧਾਂਤਾਂ ਬਾਰੇ ਵਿਚਾਰ ਕਰੇ ਪਰ ਇਹ ਸਾਰਾ ਕੁਝ ਕਰਨ ਉਪਰੰਤ ਉਸ ਲਈ ਹੁਕਮ ਹੈ

'ਦੁਇ ਕਰਿ ਜੋੜ ਕਰਉ ਅਰਦਾਸ।'
'ਤਿਸਹਿ ਅਗੈ ਨਾਨਕਾ ਖਲਹਿ ਕੀਚੈ ਅਰਦਾਸ।'

ਹੱਥ ਜੋੜਕੇ ਗੁਰੂ ਤੇ ਵਾਹਿਗੁਰੂ ਦੀ ਹਜ਼ੂਰੀ ਵਿੱਚ ਖੜੇ ਹੋ ਉਸ ਅਕਾਲ ਪੁਰਖ ਦਾ ਕੋਟਾਨ ਕੋਟ ਧੰਨਵਾਦ ਕਰਨਾ ਜਿਸਦੀਆਂ ਮਿਹਰਾਂ ਤੇ ਬਖਸ਼ਿਸ਼ਾਂ ਸਦਕਾ ਆਪਣੇ ਜੀਵਨ ਦਾ ਕੁੱਝ ਸਮਾਂ ਉਸਦੀ ਯਾਦ ਵਿੱਚ ਬਿਤਾਇਆ, ਗੁਰਬਾਣੀ ਦਾ ਪਾਠ ਤੇ ਗਾਇਨ ਕਰਦੇ ਹੋਏ ਹੋਈਆਂ ਭੁੱਲਾਂ ਬਖਸ਼ਾਉਣ ਲਈ ਬੇਨਤੀ ਕਰਨਾ ਅਤੇ ਬਾਣੀ ਦਾ ਭਾਵ ਹਿਰਦੇ ਵਿੱਚ ਵਸਾਉਣ ਦੀ ਸਮਰਥਾ ਪ੍ਰਾਪਤ ਕਰਨ ਲਈ ਜੋਦੜੀਆਂ ਕਰਨੀਆਂ, ਅੱਗੋ ਲਈ ਵੀ ਆਪਣਾ ਸਮਾਂ ਉਸਦੀ ਯਾਦ ਅਤੇ ਸ਼ੁਭ ਕਰਮਾਂ ਵਿੱਚ ਬਿਤਾਉਣ ਦੀ ਮੰਗ ਮੰਗਣੀ, ਆਦਿ ਉਸ ਅਰਦਾਸ ਦੇ ਵਿਸ਼ੇ ਹੁੰਦੇ ਹਨ।

ਅਰਦਾਸ ਨਿੱਜੀ ਵੀ ਹੁੰਦੀ ਹੈ ਤੇ ਸਮੂਹਕ ਵੀ। ਸੰਗਤ ਵਿੱਚ ਜੁੜ ਕੇ ਕੀਤੀ ਜਾਣ ਵਾਲੀ ਸਮੂਹਕ ਅਰਦਾਸ ਨੂੰ ਪੰਥ ਦੀ ਸ਼੍ਰੋਮਣੀ ਜਥੇਬੰਦੀ ਨੇ ਇੱਕ ਨਿਸਚਿਤ ਰੂਪ ਦੇ ਦਿੱਤਾ ਹੈ ਜਿਸ ਵਿੱਚ ਲੋੜ ਅਨੁਸਾਰ ਵਾਧਾ ਘਾਟਾ ਤਾਂ ਕਰ ਲਿਆ ਜਾਂਦਾ ਹੈ ਪਰ ਉਸਦੀ ਬਾਹਰਲੀ ਰੂਪ ਰੇਖਾ ਉਹ ਹੀ ਰਹਿੰਦੀ ਹੈ। ਪ੍ਰਿਥਮ ਭਗੌਤੀ ਸਿਮਰਨ ਪਿਛੋਂ ਦਸਾਂ ਗੁਰੂ ਸਾਹਿਬਾਂ ਨੂੰ ਚੇਤੇ ਕਰਕੇ, ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ ਦਾ ਧਿਆਨ ਕਰਨ ਉਪਰੰਤ ਇਤਿਹਾਸਕ ਘਟਨਾਵਾਂ ਨੂੰ ਚੇਤੇ ਕਰਦਿਆਂ ਸ਼ਹੀਦ ਸਿੰਘ ਸਿੰਘਣੀਆਂ ਦੇ ਕਾਰਨਾਮੇ ਦੁਹਰਾਏ ਜਾਂਦੇ ਹਨ ਤਾਂ ਜੋ ਮਨ ਸਿਦਕ ਤੇ ਭਰੋਸੇ ਵਿੱਚ ਪਰਿਪੱਕ ਹੋ ਸਕੇ। ਗੁਰਧਾਮਾਂ ਦਾ ਵਰਣਨ ਕਰਕੇ ਗੁਰਮਤਿ ਦੇ ਪ੍ਰੇਰਕ ਸ੍ਰੋਤਾਂ ਪ੍ਰਤੀ ਸ਼ਰਧਾ ਭਾਵਨਾ ਨੂੰ ਹੋਰ ਵਧੇਰੇ ਦ੍ਰਿੜ੍ਹ ਕੀਤਾ ਜਾਂਦਾ ਹੈ। ਫਿਰ ਸਰਬੱਤ ਖਾਲਸੇ ਲਈ ਸਿੱਖੀ ਦਾਨ, ਰਹਿਤ ਦਾਨ ਤੇ ਨਾਮਦਾਨ ਦੀ ਮੰਗ ਕੀਤੀ ਜਾਂਦੀ ਹੈ। ਖਾਲਸਾ ਕੇਵਲ ਸੰਤ ਨਹੀਂ, ਸਿਪਾਹੀ ਵੀ ਹੈ, ਉਸਨੇ ਕਿਰਤ ਕਰਨੀ ਤੇ ਵੰਡ ਕੇ ਛਕਣਾ ਹੁੰਦਾ ਹੈ। ਇਸੇ ਲਈ ਨਾਮ ਦੀ ਦਾਤ ਮੰਗਣ ਦੇ ਨਾਲ ਨਾਲ ਦੇਗ ਤੇ ਤੇਗ ਦੀ ਫ਼ਤਹ ਲਈ ਜੋਦੜੀ ਕਰਨੀ ਜ਼ਰੂਰੀ ਹੈ। ਸਿੱਖ ਆਪਣਾ ਨਹੀਂ



www.AKJ.Org

ਸਗੋਂ ਸਰਬੱਤ ਦਾ ਭਲਾ ਮੰਗਦਾ ਹੈ। ਆਪਣੇ ਆਪ ਨੂੰ ਸੰਸਾਰਕ ਵਿਸ਼ਿਆਂ ਤੋਂ ਉੱਚਾ ਰੱਖਣ ਲਈ ਅਕਾਲ ਪੁਰਖ ਕੋਲੋਂ ਸ਼ਕਤੀ ਦੀ ਮੰਗ ਕਰਦਾ, ਭਲੇ ਪੁਰਸ਼ਾਂ ਦੇ ਮੇਲ ਲਈ ਤਾਂਘਦਾ ਅਤੇ ਸਵਾਸ ਸਵਾਸ ਨਾਮ ਜਪਣ ਦੀ ਸਮਰਥਾ ਪ੍ਰਾਪਤ ਕਰਨ ਲਈ ਜੋਦੜੀਆਂ ਕਰਦਾ ਹੈ। ਇਹ ਸਭ ਕੁੱਝ ਕਰਦਿਆਂ ਹੋਇਆਂ ਉਹ ਬਾਣੀ ਵਿਚੋਂ ਆਪਣੇ ਮਨ ਦੀ ਅਵਸਥਾ ਅਨੁਸਾਰ ਤੁਕਾਂ ਦੀ ਚੋਣ ਕਰਕੇ, ਉਸਦੀਆਂ ਵਡਿਆਈਆਂ ਤੇ ਆਪਣੇ ਔਗੁਣਾਂ ਦਾ ਵਰਣਨ ਕਰਦਾ ਹੋਇਆ ਉਸਦੀ ਬਖਸ਼ਿਸ਼ ਦੀ ਪ੍ਰਾਪਤੀ ਲਈ ਤਰਲੇ ਲੈਂਦਾ ਹੈ, ਹਾੜੇ ਕਢੱਦਾ ਹੈ। ਲੋੜ ਅਨੁਸਾਰ ਆਪਣੇ ਸੰਸਾਰਕ ਕਾਰਜਾਂ ਦੀ ਪੂਰਤੀ ਲਈ ਸਹਾਇਤਾ ਦੀ ਮੰਗ ਵੀ ਕਰਦਾ ਹੈ ਪਰ ਉਦੇਸ਼ ਸਰਬੱਤ ਦਾ ਭਲਾ ਹੀ ਹੁੰਦਾ ਹੈ।

ਉਪਰੋਕਤ ਰੂਪ ਰੇਖਾ ਵਾਲੀ ਅਰਦਾਸ ਸਮੂਹਕ ਹੁੰਦਿਆਂ ਹੋਇਆ ਵੀ ਨਿਜੀ ਹੁੰਦੀ ਹੈ। ਸਿੱਖ ਸੰਗਤ ਵਿੱਚ ਜੁੜਿਆ ਹੋਵੇ ਜਾਂ ਇੱਕਲਾ, ਅਰਦਾਸ ਉਸਨੇ ਤਰ੍ਹਾਂ ਕਰਨੀ ਹੁੰਦੀ ਹੈ, ਪਰ ਇੱਕਲੇ ਹੁੰਦੇ ਹੋਏ ਉਸਨੂੰ ਇੰਨੀ ਕੁ ਖੁੱਲ੍ਹ ਹੁੰਦੀ ਹੈ ਕਿ ਉਹ ਲੋੜ ਅਨੁਸਾਰ ਅਰਦਾਸ ਨੂੰ ਛੋਟਾ ਵੱਡਾ ਰੂਪ ਦੇ ਲਵੇ। ਕਈ ਵਾਰੀ ਉਸਦਾ ਮਨ ਇੰਨਾ ਬਿਹਬਲ ਹੁੰਦਾ ਹੈ ਕਿ ਉਹ ਅਰਦਾਸ ਕਰਦਾ ਹੋਇਆ ਆਪਣੇ ਆਪ ਨੂੰ ਭੁੱਲ ਜਾਂਦਾ ਹੈ। ਸਤਿਗੁਰੂ ਤੇ ਵਾਹਿਗੁਰੂ ਨੂੰ ਸੰਬੋਧਨ ਕਰਦਿਆਂ ਉਹ ਕਿਹੜੇ ਸ਼ਬਦਾਂ ਦੀ ਵਰਤੋਂ ਕਰਦਾ ਹੈ, ਇਸਦਾ ਬਹੁਤਾ ਮਹੱਤਵ ਨਹੀਂ। ਅਸਲੀ ਸ਼ੈ ਹੈ ਮਨ ਦੀ ਭਾਵਨਾ, ਸ਼ਰਧਾ ਬ੍ਰਿਤੀ, ਸਿਦਕ ਤੇ ਭਰੋਸਾ। ਅਜਿਹੇ ਸਮੇਂ ਕਈ ਵਾਰੀ ਉਹ ਹੱਥ ਜੋੜ ਕੇ ਖੜੇ ਹੋਣ ਦੇ ਅਸੂਲ ਨੂੰ ਵੀ ਭੁੱਲ ਜਾਂਦਾ ਹੈ। ਉਹ ਮੇਲ ਲੇਹੁ ਦਇਆਲੁ, ਢਹਿ ਪਏ ਦੁਆਰਿਆ' ਕਹਿੰਦਾ ਹੀ ਨਹੀਂ ਸਗੋਂ ਸੱਚੀ ਮੁੱਚੀ ਉਸਦੇ ਦਰ ਤੇ ਢਹਿ ਪੈਂਦਾ ਹੈ। ਅਰਦਾਸ ਕਰਨ ਪਿਛੋਂ ਜਦੋਂ ਉਹ ਸਾਵਧਾਨ ਹੁੰਦਾ ਹੈ ਤਾਂ ਆਪਣੇ ਆਪ ਨੂੰ ਹੋਲਾ ਫੁੱਲ ਅਨੁਭਵ ਕਰਦਾ ਹੈ ਜਿਵੇਂ ਮਨ ਤੋਂ ਮਣਾਂ ਮੂੰਹੀਂ ਭਾਰ ਲਹਿ ਗਿਆ ਹੋਵੇ।

ਸੋ ਸਿੱਖ ਦੀ ਅਰਦਾਸ ਨਿੱਜੀ ਵੀ ਹੈ ਤੇ ਸਮੂਹਕ ਵੀ। ਉਸਨੂੰ ਅਰਦਾਸ ਕਰਨ ਜਾਂ ਕਰਾਉਣ ਲਈ ਕਿਸੇ ਪਾਦਰੀ ਪੁਰੋਹਿਤ ਦੀ ਲੋੜ ਨਹੀਂ, ਕਿਉਂਕਿ ਅਸਲੀ ਅਰਦਾਸ ਤਾਂ ਉਸਦੇ ਮਨ ਦੀ ਹੂਕ ਹੈ, ਜੋ ਦਰਗਾਹੇ ਅਵੱਸ਼ ਸੁਣੀ ਜਾਂਦੀ ਹੈ। ਸਿੱਖ ਆਪਣੇ ਸਾਰੇ ਕਾਰਜ ਅਰਦਾਸ ਕਰਨ ਪਿਛੋਂ ਆਰੰਭ ਕਰਦਾ ਹੈ। ਅਰਦਾਸ ਉਸਨੂੰ ਗੁਰੂ ਦੇ ਸਨਮੁੱਖ ਲਿਆ ਖੜਾ ਕਰਦੀ ਹੈ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਇੱਕਲਾ ਨਹੀਂ ਸਮਝਦਾ। ਅੰਤਾਂ ਦੀ ਸ਼ਕਤੀ ਉਸ ਅੰਦਰ ਪ੍ਰਵੇਸ਼ ਕਰ ਜਾਂਦੀ ਹੈ ਜਿਸਦੇ ਆਸਰੇ ਉਹ ਸੰਸਾਰ ਦੀਆਂ ਮਹਾਨ ਸ਼ਕਤੀਆਂ ਨੂੰ ਤੁੱਛ ਸਮਝਣ ਲੱਗ ਜਾਂਦਾ ਹੈ। ਜੇ ਗੁਰ ਪਰਮੇਸਰ 'ਵੱਲ' ਹੋਵੇ ਤਾਂ ਕਿਸੇ ਦੀ ਕਾਹਦੀ ਪਰਵਾਹ:

ਜਾ ਤੂੰ ਮੇਰੈ ਵਲ ਹੈ ਤਾ ਕਿਆ ਮੁਹਛੰਦਾ॥<br>
ਤੁਧ ਸਭ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ।

ਪ੍ਰਭੂ ਨਿਰਗੁਣ ਸਰੂਪ ਹੈ, ਨਿਰਾਕਾਰ ਹੈ, ਕ੍ਰੋੜਾਂ ਸਰੀਰਾਂ ਵਾਲਾ ਹੁੰਦਿਆਂ ਹੋਇਆਂ ਵੀ ਉਸਦਾ ਕੋਈ ਸਰੀਰ ਨਹੀਂ, ਹੱਥ, ਅੱਖਾਂ, ਕੰਨ ਸਭ ਉਸ ਕੋਲ ਹਨ ਪਰ ਫਿਰ ਵੀ ਉਹ ਨਿਰਆਕਾਰ ਹੈ, ਉਸਦਾ ਕੋਈ ਸਥੂਲ ਰੂਪ ਨਹੀਂ। ਉਹ ਆਪਣੇ ਸੂਖਸ਼ਮ ਰੂਪ ਵਿਚ 'ਘਟ ਘਟ ਵਾਸੀ, ਸਰਬ ਨਿਵਾਸੀ' ਬਣ ਕੇ ਸੰਸਾਰ ਵਿਚ ਆਪਣੀ ਕਲਾ ਵਰਤਾ ਰਿਹਾ ਹੈ। ਪਰੰਤੂ ਸਥੂਲ ਦੇਹ ਵਿਚ ਨਿਵਾਸ ਕਰਨ ਵਾਲਾ ਜੀਵ ਉਸ ਦੇ ਇਸ ਸੂਖਮ ਰੂਪ ਨੂੰ ਅਨੁਭਵ ਨਹੀਂ ਕਰ ਸਕਦਾ, ਉਸਦੇ ਦਰਸ਼ਨਾਂ ਲਈ ਤਾਂਘਦਾ ਹੈ ਪਰ ਦਰਸ਼ਨ ਹੁੰਦੇ ਨਹੀਂ ਕਿਉਂਕਿ ਦੇਹਧਾਰੀ ਜੀਵ ਕੋਲ ਉਹ ਅੱਖਾਂ ਨਹੀਂ ਜਿਨ੍ਹਾਂ ਨਾਲ ਉਸਨੂੰ ਵੇਖ ਸਕੇ-ਉਹ ਇੰਨਾਂ ਅਖਾਂ ਨਾਲ ਨਹੀਂ ਦਿਸਦਾ- 'ਨਾਨਕ ਸੇ ਅਖੜੀਆਂ ਬਿਅੰਨ ਜਿਨੀ ਡਿਸੰਦੋ ਮਾ ਪਿਰੀ।' ਅਰਦਾਸ ਹੀ ਇਕ ਅਜੇਹੀ ਸ਼ਕਤੀ ਹੈ ਜੋ ਪ੍ਰਭੂ ਨਾਲ ਜੀਵ ਦਾ ਮੇਲ ਕਰਵਾ ਸਕਦੀ ਹੈ। ਇਹ ਇਕ ਡੋਰੀ ਹੈ ਜੋ ਪ੍ਰਭੂ ਤੇ ਜੀਵ ਦਾ ਸੰਬੰਧ ਜੋੜਦੀ ਹੈ। ਇਸ ਡੋਰੀ ਨੂੰ ਘੁੱਟ ਕੇ ਫੜਨ ਵਾਲਾ ਉਸ ਸੱਚੀ ਦਰਗਾਹ ਵਿਚ ਜਾ ਪਹੁੰਚਦਾ ਹੈ। ਜਦੋਂ ਇੱਕ ਮਨ, ਇਕ ਚਿਤ ਹੋ ਕੇ ਅਰਦਾਸ ਕੀਤੀ ਜਾਂਦੀ ਹੈ ਤਾਂ ਜੀਵ ਦੀ ਬ੍ਰਿਤੀ ਉਸ ਪ੍ਰਭੂ ਦੇ ਚਰਨਾਂ ਨਾਲ ਜਾ ਜੁੜਦੀ ਹੈ ਇਸ ਤਰ੍ਹਾਂ ਉਹ ਆਪਣੇ ਆਪ ਨੂੰ ਉਸ ਨਾਲੋਂ ਵੱਖਰਾ ਪ੍ਰਤੀਤ ਨਹੀਂ ਕਰਦਾ। ਸੋ ਅਰਦਾਸ ਪ੍ਰਭੂ ਨਾਲ ਮਿਲਾਪ ਦਾ ਇਕ ਵਸੀਲਾ ਹੈ।

ਜਦੋਂ ਹਿਰਦੇ ਵਿਚੋਂ ਅਰਦਾਸ ਦੀ ਭਾਵਨਾ ਉਪਜਦੀ ਹੈ ਤਾਂ ਸਿਖ ਆਪਣਾ 'ਤਨ ਮਨ ਧਨ' ਉਸਦੇ ਅਰਪਨ ਕਰਕੇ, ਉਸਦਾ 'ਬੰਦਾ' ਬਣ ਉਸ ਦੇ ਸਨਮੁਖ ਖਲੋ ਕੇ ਜੋਦੜੀਆਂ, ਬੇਨਤੀਆਂ ਤੇ ਅਰਜ਼ੋਇਆਂ ਕਰਦਾ ਹੈ। ਆਪਣੇ ਕੀਤੇ ਕੁਕਰਮਾਂ ਦਾ ਪਸਚਾਤਾਪ ਕਰਦਾ ਹੈ। ਪਸਚਾਤਾਪ ਕਰਕੇ ਅੱਗੇ ਤੋਂ ਸ਼ੁਭ ਕਰਮ ਕਰਨ ਦੀ ਸਮੱਰਥਾ ਦੀ ਮੰਗ ਕਰਦਾ ਹੈ। ਉਹ ਆਪ ਮੁਹਾਰੇ ਬੋਲ ਉਠਦਾ ਹੈ :

ਜੇਤਾ ਸਮੁੰਦ ਸਾਗਰ ਨੀਰ ਭਰਿਆ<br>
ਤੇਤੇ ਅਉਗਣ ਹਮਾਰੇ।



www.AKJ.Org

ਦਇਆ ਕਰਹੁ ਕਿਛੁ ਮਿਹਰ ਉਪਾਵਹੁ
ਡੁਬਦੇ ਪੱਥਰ ਤਾਰੇ।
ਹਮਰੇ ਸਹਾਉ ਸਦਾ ਸਦਾ ਭੂਲਨ
ਤੁਮਰੋ ਬਿਰਦ ਪਤਿਤ ਉਧਰਨ।

ਉਸਦੇ ਅੱਗੇ ਕੀਤੀ ਅਜੇਹੀ ਜੋਦੜੀ ਕਦੇ ਅਜਾਈਂ ਨਹੀਂ ਜਾਂਦੀ, ਕਿਉਂਕਿ : *ਪਿਤਾ ਕਿਰਪਾਲ ਆਗਿਆ ਇਹ ਕੀਨੀ ਬਾਰਿਕ ਮੁਖਿ ਮਾਗੈ ਸੋ ਦੇਨਾ।*

ਉਹ ਮੂੰਹ ਮੰਗੀਆਂ ਤਾਂ ਕੀ, ਅਣਮੰਗੀਆਂ ਦਾਤਾਂ ਵੀ ਦੇਂਦਾ ਹੈ ਪਰ ਲੋੜ ਹੈ ਉਸਦੇ 'ਬਾਰਿਕ' ਬਣਨ ਦੀ, ਉਸਦੀ ਸ਼ਰਨ ਆਉਣ ਦੀ। 'ਜੋ ਸ਼ਰਨ ਆਵੈ ਤਿਸ ਕੰਠ ਲਾਵੈ ਇਹ ਬਿਰਦ ਸੁਆਮੀ ਸੰਦਾ।' ਉਸਦੀ ਸ਼ਰਨ ਆਇਆ, ਉਸ ਅੱਗੇ ਜੋਦੜੀ ਕੀਤਿਆਂ ਮਨ ਤੋਂ ਪਾਪਾਂ ਦੀ ਮੈਲ ਲਹਿ ਜਾਂਦੀ ਹੈ ਅਤੇ ਮਨ ਪਵਿਤ੍ਰ ਤੇ ਹੌਲਾ ਫੁੱਲ ਹੋ ਜਾਂਦਾ ਹੈ। ਮਾਇਆ ਦਾ ਪਰਦਾ ਲਹਿ ਜਾਂਦਾ ਹੈ, ਦੂਈ ਦੀ ਭਾਵਨਾ ਮਿਟ ਜਾਂਦੀ ਹੈ, ਮਨੁੱਖ ਸਾਰੇ ਸੰਸਾਰ ਵਿੱਚ ਉਸੇ ਦਾ ਰੂਪ ਵੇਖਣ ਲੱਗ ਜਾਂਦਾ ਹੈ।

ਹੁਣ ਪ੍ਰਸ਼ਨ ਉਠਦਾ ਹੈ ਕਿ ਅਰਦਾਸ ਕਿਸ ਮਨੋਰਥ ਲਈ ਕੀਤੀ ਜਾਣੀ ਚਾਹੀਦੀ ਹੈ ? ਸਿੱਖ ਦਾ ਜੀਵਨ ਸਰਬਪੱਖੀ ਜੀਵਨ ਹੈ। ਉਹ ਅਧਿਆਤਮ ਮਾਰਗ ਦਾ ਪਾਂਧੀ ਹੁੰਦਿਆਂ ਹੋਇਆਂ ਨਾਲ ਨਾਲ ਗ੍ਰਹਿਸਥ ਧਰਮ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਹੈ। ਸਿੱਖ ਸੰਤ ਵੀ ਹੁੰਦਾ ਹੈ, ਸਿਪਾਹੀ ਵੀ, ਜੋਗੀ ਵੀ ਹੈ, ਘਰਬਾਰੀ ਵੀ, ਕਿਰਤ ਵੀ ਕਰਦਾ ਹੈ, ਮਾਇਆ ਕਮਾਉਂਦਾ ਹੈ, ਬੱਚਿਆਂ ਦੀ ਪਾਲਣਾ ਕਰਦਾ ਹੈ। ਦੋਖੀਆਂ ਵੱਲੋਂ ਉਸਨੂੰ ਦੁਖੀ ਕੀਤਾ ਜਾਂਦਾ ਹੈ, ਕਦਮ ਕਦਮ ਤੇ ਉਸਨੂੰ ਪਰੀਖਿਆ ਦੇਣੀ ਪੈਂਦੀ ਹੈ : ਇੰਨਾਂ ਸਭ ਅਵਸਰਾਂ ਤੇ ਆਪਣੀ ਮਨੋਰਥ. ਸਿੱਧੀ ਲਈ ਆਪਣੀਆਂ ਸ਼ਕਤੀਆਂ ਵਿਚ ਵਾਧਾ ਕਰਨ ਲਈ ਅਤੇ ਕਰਮ-ਖੇਤ੍ਰ ਵਿਚ ਸਫਲ ਹੋਣ ਲਈ ਜੀਵ ਨੂੰ ਅਰਦਾਸ ਦੀ ਓਟ ਲੈਣੀ ਪੈਂਦੀ ਹੈ। ਤਾਣ, ਮਾਣ ਦੁੱਧ, ਪੁਤ੍ਰ, ਧਨ ਦੌਲਤ ਆਦਿ ਦੀ ਪ੍ਰਾਪਤੀ ਲਈ ਅਕਾਲ ਪੁਰਖ ਅਗੇ ਜੋਦੜੀ ਕਰਨ ਦੀ ਲੋੜ ਹੁੰਦੀ ਹੈ। ਜੋਦੜੀ ਕਰਨੀ, ਆਸ਼ੀਰਵਾਦ ਲੈਣੀ, ਅੰਗ ਸੰਗ ਸਹਾਈ ਹੋਣ ਲਈ ਬੇਨਤੀ ਕਰਨੀ ਕਮਜ਼ੋਰੀ ਦਾ ਚਿੰਨ੍ਹ ਨਹੀਂ । ਰੱਬ ਤੇ ਆਸ਼੍ਰਿਤ ਹੋਣ ਨਾਲ ਚਰਿਤਰ ਕਮਜ਼ੋਰ ਨਹੀਂ ਹੁੰਦਾ। ਕਿਉਂਕਿ ਆਤਮਾ ਦਾ ਸਹੀ ਰੂਪ ਰੱਬ ਵਿੱਚ ਹੀ ਵੇਖਿਆ ਜਾ ਸਕਦਾ ਹੈ, ਉਸ ਨਾਲ ਅਭੇਦਤਾ ਸ਼ਕਤੀ ਪ੍ਰਦਾਨ ਕਰਦੀ ਹੈ। ਜੋ ਮਨੁੱਖ ਇਹ ਖ਼ਿਆਲ ਕਰਦੇ ਹਨ ਕਿ ਆਪਣੇ ਯਤਨਾਂ ਤੇ ਪਰਿਸ੍ਰਮਾ ਦੁਆਰਾ ਅਸੀਂ ਸਭ ਕੁਝ ਪ੍ਰਾਪਤ ਕਰ ਲੈਂਦੇ ਹਾਂ, ਉਹ ਭੁੱਲਦੇ ਹਨ। ਯਤਨ ਕਰਨੇ ਤਾਂ ਸਾਡਾ ਫ਼ਰਜ਼ ਹੈ ਪਰ ਕੇਵਲ ਆਪਣੇ ਯਤਨਾਂ ਤੇ ਭਰੋਸਾ ਕਰ ਬੈਠਣਾ ਭੁੱਲ ਹੈ। ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਮਨੁੱਖ ਆਪਣੀ ਤਾਕਤ ਦੇ ਮਾਣ ਵਿਚ ਆਇਆ, ਹਉਮੈ ਅਧੀਨ ਇਹ ਕਹਿਣ ਲੱਗਾ ਕਿ ਮੈਂ ਸਭ ਕੁੱਝ ਕਰ ਸਕਦਾ ਹਾਂ, ਉਸੇ ਸਮੇਂ ਉਸਨੂੰ ਅਸਫਲਤਾ ਦਾ ਮੂੰਹ ਵੇਖਣਾ ਪਿਆ। ਹਰਨਾਖਸ਼ ਨੇ ਜੋ ਆਪਣੇ ਆਪ ਨੂੰ ਅਮਿਤ ਸ਼ਕਤੀਆਂ ਦਾ ਸੁਆਮੀ ਅਨੁਭਵ ਕਰਕੇ ਰੱਬ ਦੀ ਬਰਾਬਰੀ ਕਰਨ ਲੱਗ ਪਿਆ ਸੀ, ਨੈਪੋਲੀਅਨ ਜਿਸ ਨੇ 'ਅਸੰਭਵ' (impossible) ਸ਼ਬਦ ਨੂੰ ਆਪਣੀ ਡਿਕਸ਼ਨਰੀ ਵਿਚੋਂ ਹੀ ਕੱਢ ਦਿੱਤਾ ਸੀ, ਸਿਕੰਦਰ ਜੋ ਸਾਰੇ ਸੰਸਾਰ ਨੂੰ ਆਪਣੇ ਅਧੀਨ ਕਰਨ ਦੇ ਸੁਪਨੇ ਲੈਂਦਾ ਸੀ, ਆਦਿ ਦੀਆਂ ਉਦਾਹਰਣਾਂ, ਸਾਡੇ ਸਾਹਮਣੇ ਹਨ। ਕਿਵੇਂ ਇਨ੍ਹਾਂ ਨੇ ਆਪਣੇ ਬਲ ਨੂੰ ਹੀ ਸਭ ਕੁਝ ਸਮਝ ਲਿਆ ਪਰ ਅੰਤ ਇੰਨਾ ਨੂੰ ਨਿਰਾਸ਼ਤਾ ਦਾ ਮੂੰਹ ਵੇਖਣਾ ਪਿਆ। ਸੋ ਵਾਹਿਗੁਰੂ ਦੀ ਦਿੱਤੀ ਹੋਈ ਸਮਰਥਾ ਅਨੁਸਾਰ ਯਤਨ ਤਾਂ ਮਨੁੱਖ ਨੇ ਆਪ ਕਰਨੇ ਹੀ ਹਨ, ਜਿਵੇਂ ਗੁਰੂ ਸਾਹਿਬ ਦਾ ਫੁਰਮਾਣ ਹੈ :
ਉਦਮ ਕਰੇਦਿਆਂ ਜੀਉ ਤੂ ਕਮਾਂਵਦਿਆਂ ਸੁਖ ਭੁੰਚ।

ਪਰ ਥਾਪਨਾ ਗੁਰੂ ਕੋਲੋਂ ਹੀ ਲੈਣੀ ਹੈ। ਜਦੋਂ 'ਗੁਰ ਥਾਪੀ ਦਿੱਤੀ ਕੰਡ ਜੀਉ' ਤਾਂ ਫਿਰ ਕਾੜ੍ਹਾ ਅੰਦੇਸ਼ਾ ਨਹੀਂ ਰਹਿ ਜਾਂਦਾ। ਗੁਰੂ ਦੀ ਥਾਪਨਾ ਸਿਖ ਵਿੱਚ ਅਥਾਹ ਬਲ ਭਰ ਦੇਂਦੀ ਹੈ। ਜ਼ਿਸ ਕਰਕੇ ਉਸਦੇ ਸਾਮ੍ਹਣੇ ਕੋਈ ਟਿਕ ਨਹੀਂ ਸਕਦਾ।

ਆਮ ਜੀਵਨ ਵਿੱਚ ਵੀ ਵੇਖਦੇ ਹਾਂ ਪੁੱਤਰ ਕਿਸੇ ਨਵੇਂ ਕੰਮ ਨੂੰ ਹੱਥ ਪਾਉਂਦਾ ਹੈ ਤਾਂ ਪਿਤਾ ਕੋਲੋਂ ਆਸ਼ੀਰਵਾਦ ਲੈਂਦਾ ਹੈ। ਵਿਦਿਆਰਥੀ ਪਰੀਖਿਆ-ਭਵਨ ਵਿੱਚ ਜਾਣ ਤੋਂ ਪਹਿਲਾਂ ਅਧਿਆਪਕ ਕੋਲੋਂ ਉਤਸ਼ਾਹ ਦੇ ਦੋ ਸ਼ਬਦ ਸੁਣਨੇ ਚਾਹੁੰਦਾ ਹੈ। ਸਟੇਜ ਤੇ ਕਲਾ ਦਾ ਪ੍ਰਗਟਾਉ ਕਰ ਰਹੇ ਕਲਾਕਾਰਾਂ ਨੂੰ ਦਰਸ਼ਕਾਂ ਜਾਂ ਸ੍ਰੋਤਿਆਂ ਕੋਲੋਂ ਹੱਲਾਸ਼ੇਰੀ ਦੀ ਲੋੜ ਪੈਂਦੀ ਹੈ। ਖੇਡ ਦੇ ਮੈਦਾਨ ਵਿੱਚ ਖਿਡਾਰਿਆਂ ਦਾ ਉਤਸ਼ਾਹ ਵਧਾਉਣ ਲਈ ਤਾਲੀਆਂ ਵਜਾਈਆਂ ਜਾਂਦੀਆਂ ਹਨ, ਜਿਸ ਟੀਮ ਨੂੰ ਉਤਸਾਹਿਤ ਕਰਨ ਵਾਲੇ ਮੌਜੂਦ ਨਾ ਹੋਣ, ਉਸਨੂੰ ਆਪਣੀ ਜਿੱਤ ਦਾ ਪੂਰਾ ਵਿਸ਼ਵਾਸ਼ ਨਹੀਂ ਹੁੰਦਾ। ਬੱਚੇ ਨੂੰ ਮਾਂ ਦੀ ਅਗਵਾਈ, ਸਹਾਇਤਾ ਤੇ ਅਸ਼ੀਰਵਾਦ ਦੀ ਕਦਮ ਕਦਮ ਤੇ ਲੋੜ ਹੁੰਦੀ ਹੈ, ਭਾਵੇਂ ਬਲ ਉਸਦਾ



www.AKJ.Org

ਆਪਣਾ ਹੀ ਵਰਤਿਆ ਜਾਂਦਾ ਹੈ। ਸੋ ਸਪਸ਼ਟ ਹੈ ਕਿ ਸਫਲਤਾ ਦੀ ਪ੍ਰਾਪਤੀ ਲਈ ਆਪਣੇ ਤੋਂ ਉੱਚ ਹਸਤੀ ਦੀ ਸਹਾਇਤਾ ਦੇ ਲਈ ਗੁਰਪਰਮੇਸ਼ਰ ਅੱਗੇ ਅਰਦਾਸ ਕਰਨੀ ਜ਼ਰੂਰੀ ਹੈ :-

ਮਿਹਰਵਾਨ ਸਾਹਿਬ ਮੇਰਾ ਮਿਹਰਵਾਨ
ਜੀਆ ਸਗਲ ਕਉ ਦੇ ਦਾਨ।

ਇਸੇ ਲਈ ਸਿਖ ਨੂੰ ਹੁਕਮ ਹੈ :

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸ ਕਰ।
ਛੋਡ ਸਿਆਣਪ ਸਗਲ, ਮਨੁ ਤਨੁ ਅਰਪਿ ਧਰਿ।**

ਭਲਾ 'ਮਿੱਤ' ਵਾਲੇ ਜੀਵ ਸਾਮ੍ਹਣੇ ਹੱਥ ਅੱਡਣ ਦੀ ਥਾਂ ਅਮਿਤੇ ਸਾਹਿਬ ਕੋਲੋਂ ਮੰਗ ਕਿਉਂ ਨਾ ਕੀਤੀ ਜਾਵੇ ?

ਪਰ ਅਸੀਂ ਆਪਣੀਆਂ ਸੰਸਾਰਕ ਲੋੜਾਂ ਦੀ ਪੂਰਤੀ ਲਈ ਹੀ ਅਰਦਾਸ ਨਹੀਂ ਕਰਨੀ। ਸਿੱਖ ਦੀ ਅਰਦਾਸ ਇਸ ਤੋਂ ਬਹੁਤ ਉੱਚੀ ਹੋਣੀ ਚਾਹੀਦੀ ਹੈ। ਪਦਾਰਥਾਂ ਦੀ ਭੁੱਖ ਤੋਂ ਉਹ ਉੱਚਾ ਹੁੰਦਾ ਹੈ, ਉਸਨੇ ਦੁਖ ਸੁਖ ਦੋਨੋਂ ਸਮ ਜਾਣਨੇ ਹੁੰਦੇ ਹਨ। ਉਹ ਤਾਂ ਕਹਿੰਦਾ ਹੈ 'ਜੇ ਭੁਖ ਦੇਇ ਤਾਂ ਇਤ ਹੀ ਰਾਜਾ, ਦੁਖ ਭੀ ਤੁਝਹਿ ਧਿਆਈ'। ਉਹ ਤਾਂ ਉਸਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ ਅਤੇ ਬੇਨਤੀ ਕਰਦਾ ਹੈ ਕਿ ਜਿਉਂ ਭਾਵੈ ਤਿਉਂ ਰਾਖਹੁ ਮੇਰੇ ਸੁਆਮੀ। ਤੱਤੀਆਂ ਤਵੀਆਂ ਤੇ ਬੈਠ ਕੇ ਅਰਜਨ ਸਾਹਿਬ ਨੇ 'ਤੇਰਾ ਕੀਆ ਮੀਠਾ ਲਾਗੇ' ਕਹਿਕੇ ਸਿਖਾਂ ਨੂੰ ਦੁਖ ਸੁਖ ਇਕ ਸਮਾਨ ਸਮਝਣ ਦੀ ਸਿੱਖਿਆ ਦਿੱਤੀ। ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਿਚ ਸਿੱਖ ਦਾ ਚਿੰਨ੍ਹ ਹੈ :

ਜੋ ਨਰ ਦੁਖ ਮੈ ਦੁਖ ਨਹੀ ਮਾਨੈ
ਸੁਖ ਸਨੇਹ ਅਰ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ

ਸਿਖ ਨੇ ਗੁਰਮੁਖ ਪਦ ਤੇ ਪਹੁੰਚਣਾ ਹੁੰਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਉਸਨੇ ਨਾਮ ਨੂੰ ਹਿਰਦੇ ਵਿਚ ਵਸਾ ਕੇ ਹਿਰਦੇ ਵਿਚ ਹੀ ਨਹੀਂ ਵਸਾਉਣਾ ਸਗੋਂ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਦੀ ਅਵਸਥਾ ਤੇ ਪਹੁੰਚ ਕੇ 'ਹਰਿ ਹਰਿਜਨ ਦੋਊ ਏਕ ਹੈ, ਬਿਬ ਬਿਚਾਰ ਕਛੁ ਨਾਹਿ' ਦੇ ਪਦ ਨੂੰ ਪ੍ਰਾਪਤ ਕਰਨਾ ਹੁੰਦਾ ਹੈ। ਕਬੀਰ ਜੀ ਦਾ ਫ਼ੁਰਮਾਨ ਹੈ 'ਹਰਿ ਜਨ ਐਸਾ ਚਾਹੀਏ, ਜੈਸਾ ਹਰਿ ਹੀ ਹੋਇ' ਸੋ ਹਰਿ ਜਨ ਬਣਨ ਲਈ ਹਰਿ ਦੇ ਗੁਣਾਂ ਨੂੰ ਧਾਰਨ ਕਰਨਾ ਜ਼ਰੂਰੀ ਹੈ। ਇਹ ਗੁਣ ਨਾਮ ਅਭਿਆਸ ਦੁਆਰਾ ਪ੍ਰਾਪਤ ਹੁੰਦੇ ਹਨ। ਨਾਮ ਅਭਿਆਸੀ ਲਈ ਅਉਗਣਾ ਤੋਂ ਰਹਿਤ ਹੋਣਾ ਜ਼ਰੂਰੀ ਹੈ। ਨਾਮ ਦਾ ਨਿਵਾਸ ਪਵਿਤ੍ਰ ਹਿਰਦੇ ਵਿਚ ਹੁੰਦਾ ਹੈ ਅਤੇ ਨਾਲ ਹੀ ਨਾਮ ਹਿਰਦੇ ਦੀ ਮੈਲ ਧੋ ਕੇ ਉਸਨੂੰ ਪਵਿਤ੍ਰਤਾ ਬਖਸ਼ਦਾ ਹੈ *'ਭਰੀਐ ਮਤਿ ਪਾਪਾ ਕੈ ਸੰਗਿ। ਓਹ ਧੋਪੈ ਨਾਵੈ ਕੈ ਰੰਗਿ'।* ਸਭ ਔਗੁਣਾਂ ਦਾ ਮੂਲ 'ਹਉਮੈ' ਹੈ ਅਤੇ ਜਿਥੇ ਹਉਮੈ ਹੋਵੇ ਉਥੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ ਕਿਉਂਕਿ *'ਹਉਮੈ ਨਾਵੈ ਨਾਲ ਵਿਰੋਧ ਹੈ, ਦੁਇ ਨ ਵਸੈ ਇਕ ਥਾਇ।'* ਜਿਥੇ ਹਉਮੈ ਹੁੰਦੀ ਹੈ ਉਥੇ ਨਾਮ ਦਾ ਵੱਸਣਾ ਔਖਾ ਹੁੰਦਾ ਹੈ। ਜਦੋਂ ਹਉਮੈ ਦੂਰ ਹੋ ਜਾਵੇ ਤਾਂ ਨਾਮ ਦਾ ਨਿਰੰਤਰ ਵਾਸ ਹੁੰਦਾ ਹੈ ਅਤੇ ਉਹ ਨਾਮੀ ਨਾਲ ਅਭੇਦ ਕਰ ਦਿੰਦਾ ਹੈ। ਇਸੇ ਲਈ ਸਿਖ ਨਾਮ ਦੀ ਦਾਤ ਮੰਗਦਾ ਹੈ। ਔਗਣ ਦੂਰ ਕਰਨ ਲਈ ਨਾਮ ਸਾਧਨ ਰੂਪ ਹੈ ਅਤੇ ਜਦੋਂ ਮਨ ਪਵਿਤ੍ਰ ਹੋ ਜਾਵੇ ਤਾਂ ਇਹ 'ਸਿੱਧੀ' ਰੂਪ ਧਾਰਣ ਕਰ ਲੈਂਦਾ ਹੈ। ਸਿੱਖ ਦੀ ਜੋਦੜੀ ਇਸ ਪ੍ਰਕਾਰ ਦੀ ਹੁੰਦੀ ਹੈ :

ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ।
ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ।
ਮਾਗਉ ਰਾਮ ਤੇ ਇਕ ਦਾਨ।
ਸਗਲ ਮਨੋਰਥ ਪੂਰਨ ਹੋਵਹਿ ਮਿਸਰਉ ਤੁਮਰਾ ਨਾਮ।

ਪਰੰਤੂ ਅਜੇਹੀ ਬੇਨਤੀ ਕਰਦਿਆਂ ਹੋਇਆਂ ਵੀ ਸਿਖ ਦੀ ਦ੍ਰਿਸ਼ਟੀ ਕੇਵਲ ਆਪਣੇ ਤੱਕ ਹੀ ਸੀਮਿਤ ਨਾ ਹੋਵੇ, ਸਗੋਂ ਉਸਦੀ ਪੁਕਾਰ ਹੋਵੇ :

ਸਭੇ ਜੀਅ ਸਮਾਲਿ ਅਪਨੀ ਮਿਹਰ ਕਰਿ।
ਜਗਤ ਜਲੰਦਾ ਰਖ ਲੈ ਅਪਨੀ ਕਿਰਪਾ ਧਾਰਿ।
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰ।

ਸਿੱਖ ਅਰਦਾਸ ਕਰਦਾ ਹੈ, ਜੀਵਨ ਘੋਲ ਲਈ ਵਿਸ਼ਵ-ਅਖਾੜੇ ਵਿੱਚ ਕੁੱਦ ਪੈਂਦਾ ਹੈ ਜਦੋਂ ਅਖਾੜਾ ਜਿਤ ਲੈਂਦਾ ਹੈ ਤਾਂ ਮਾਣ ਨਹੀਂ ਕਰਦਾ ਉਸਨੇ ਤਾਂ ਕੁਝ ਕੀਤਾ ਹੀ ਨਹੀਂ, ਉਸਦੀ ਬੇਨਤੀ ਸੁਣੀ ਗਈ ਤੇ ਸਭ ਕੁੱਝ ਆਪੇ ਹੀ ਹੋ ਗਿਆ। ਕਰਵਾਉਣ ਵਾਲੇ ਨੇ ਜੋ ਕਰਵਾਉਣਾ ਸੀ ਕਰਵਾ ਲਿਆ। ਉਸ ਵੇਲੇ ਸਿਖ ਦੇ ਮੂੰਹੋਂ ਸੁਕਰਾਨੇ ਵਜੋਂ ਇਹ ਬੋਲ ਨਿਕਲਦੇ ਹਨ :

— ਜੋ ਹਮਰੀ ਬਿਧ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਨਉ ਆਪੇ।।
ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ
ਗੁਰ ਸਤਿਗੁਰਿ ਸੰਗ ਕੀਰੇ ਹਮ ਥਾਪੇ।।
— ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ।।

— — — —



www.AKJ.Org

# ਬੁਤ-ਗੁਰਦੁਆਰੇ ਦੇ ਅੰਦਰ

(ਗੁਰਦਿਆਲ ਸਿੰਘ ਐਫ-੧੯ ਏ, M.I.G.-8 , ਹਰੀ ਨਗਰ ਨਵੀਂ ਦਿੱਲੀ)

ਸਿੱਖ ਧਰਮ ਅੰਦਰ ਬੁਤ-ਉਹ ਭੀ ਗੁਰਦੁਆਰੇ ਦੀ ਹਦੂਦ ਵਿਚ-ਉਹ ਭੀ ਸਿੱਖ ਧਰਮ-ਮਰਯਾਦਾ ਦੀ ਪਹਿਰੇਦਾਰ ਸੰਸਥਾ ਵਲੋਂ। ਹੈ ਨਾ ਹੈਰਾਨਗੀ ਵਾਲੀ ਗਲ। ਚੌਂਕਣ ਦੀ ਜਰੂਰਤ ਨਹੀਂ। ਐਸਾ ਹੋਣ ਜਾ ਰਿਹਾ ਹੈ-ਨਹੀਂ ਨਹੀਂ ਸਮਝੋ ਹੋ ਗਿਆ ਹੈ। ਮਾਸਟਰ ਤਾਰਾ ਸਿੰਘ ਜੀ ਦਾ ੧੨ ਫੁਟ ਉਚਾ ਬੁਤ ਉਚੇ ਥੜੇ ਉਪਰ ਸਥਾਪਤ ਕੀਤਾ ਗਿਆ ਹੈ। ਉਹ ਭੀ ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ ਦੀ ਚਾਰਦਵਾਰੀ ਦੇ ਬਿਲਕੁਲ ਵਿਚ ਹੀ।

ਕੋਈ ਸ਼ਕ ਨਹੀਂ ਕਿ ਮਾਸਟਰ ਤਾਰਾ ਸਿੰਘ ਜੀ ਆਪਣੇ ਸਮੇਂ ਸਿੱਖ ਕੌਮ ਦੇ ਸਰਦਾਰ-ਏ-ਆਜ਼ਮ ਤੇ ਨਿਧੜਕ ਜਰਨੈਲ ਸਨ। ਪੂਰੇ ਪੰਜਾਹ ਸਾਲ ਉਨ੍ਹਾਂ ਨੇ ਸਿੱਖ ਕੌਮ ਦੀ ਅਗਵਾਈ ਕੀਤੀ ਸੀ। ਬਿਲਕੁਲ ਬੇਲਾਗ ਤੇ ਨਿਡਰ ਲੀਡਰ ਸਨ ਉਹ। ਅੱਧਾ ਪੰਜਾਬ ਪਾਕਿਸਤਾਨ ਵਿਚ ਜਾਣ ਤੋਂ ਬਚਾਣ ਦਾ ਸਿਹਰਾ ਮਾਸਟਰ ਜੀ ਨੂੰ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਉਨ੍ਹਾਂ ਦੀ ਦੇਣ ਲਾ-ਮਿਸਾਲ ਹੈ। ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਨਜ਼ਰਬੰਦੀ ਵਿਚੋਂ ਕੱਢ ਕੇ ਭਾਰਤ ਦੀਆਂ ਹੱਦਾਂ ਤੋਂ ਬਾਹਰ ਪਹੁੰਚਾਣ ਜੈਸਾ ਜੋਖਿਮ ਭਰਿਆ ਕਾਰਜ ਉਨ੍ਹਾਂ ਨੇ ਹੀ ਕੀਤਾ ਸੀ।। ਸਿਖਾਂ ਦੀ ਕਿਸਮਤ ਨੂੰ ਭਾਰਤ ਵਰਸ਼ ਨਾਲ ਜੋੜਨਾ ਉਨ੍ਹਾਂ ਦੇ ਪੂਰਨ ਦੇਸ਼-ਭਗਤ ਹੋਣ ਦਾ ਸਬੂਤ ਹੈ। ਜਦ ਕਦੇ ਫਿਰਕੂ ਐਨਕ ਉਤਾਰਕੇ ਨਿਰਪੱਖ ਲੀਹਾਂ ਤੇ ਆਜ਼ਾਦੀ ਦੀ ਲੜਾਈ ਦਾ ਇਤਿਹਾਸ ਲਿਖਿਆ ਗਿਆ ਤਾਂ ਨਿਖਰਕੇ ਸਾਹਮਣੇ ਆਏਗੀ ਮਾਸਟਰ ਤਾਰਾ ਸਿੰਘ ਦੀ ਸ਼ਖਸੀਅਤ ਅਤੇ ਉਨ੍ਹਾਂ ਦੀ ਭਾਰਤ ਵਰਸ਼ ਤੇ ਸਿੱਖ ਕੌਮ ਨੂੰ ਦੇਣ।

ਚਾਹੇ ਕੋਈ ਕਿਤਨੀ ਹੀ ਮਹਾਨ ਹਸਤੀ ਹੋਵੇ, ਉਸ ਦਾ ਬੁਤ ਸਥਾਪਤ ਕਰਨਾ ਤੇ ਉਹ ਭੀ ਕਿਸੇ ਗੁਰਦੁਆਰੇ ਜਾਂ ਕਿਸੇ ਇਤਿਹਾਸਕ ਗੁਰਦੁਆਰੇ ਦੇ ਅੰਦਰ ਜਾਂ ਹਦੂਦ ਪਾਸ ਕਿਥੋਂ ਤਕ ਸਿੱਖ ਮਰਯਾਦਾ ਦੇ ਅਨੁਕੂਲ ਹੈ। ਵਿਚਾਰ ਕਰੀਏ।

ਇਹ ਇਕ ਮੰਨਿਆ ਪਰਮੰਨਿਆ ਤੱਥ ਹੈ ਕਿ ਸਿੱਖ ਧਰਮ ਅੰਦਰ ਬੁਤ ਜਾਂ ਬੁਤ-ਪ੍ਰਸਤੀ ਦਾ ਕੋਈ ਸਥਾਨ ਨਹੀਂ ਹੈ। ਗੁਰੂ ਸਾਹਿਬਾਨ ਨੇ ੨੩੯ ਸਾਲ ਦੇ ਸਮੇਂ ਅੰਦਰ ਆਪਣਾ ਕੋਈ ਬੁਤ ਜਾਂ ਤਸਵੀਰ ਨਹੀਂ ਬਣਨ ਦਿਤੀ। ਇਥੋਂ ਤਕ ਕਿ ਸਿੱਖਾਂ ਦੇ ਮਹਾਨ ਕੇਂਦਰੀ ਗੁਰਧਾਮ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਉਸਾਰਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਕਿਸੇ ਭੀ ਗੁਰੂ ਜੀ ਦਾ ਬੁਤ ਨਹੀਂ ਲਗਵਾਇਆ। ਗੁਰੂ ਹਰਿ ਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ ਵਿਚ ਕੈਦ ਰਹੇ। ਸੰਗਤਾਂ ਦੂਰੋਂ ਨੇੜਿਉਂ ਆਉਂਦੀਆਂ। ਕਥਾ, ਕੀਰਤਨ ਹਰਿ ਜਸ ਕਰਕੇ ਚਲੀਆਂ ਜਾਂਦੀਆਂ ਸਨ ਪਰ ਕਿਸੇ ਨੂੰ ਖਿਆਲ ਨਾ ਆਇਆ ਕਿ ਗੁਰੂ ਸਾਹਿਬ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਦੀ ਤਸਵੀਰ ਜਾਂ ਬੁਤ ਸਥਾਪਤ ਕਰ ਲਿਆ ਜਾਏ। ਐਸਾ ਨਹੀਂ ਕੀਤਾ। ਉਸ ਸਮੇਂ ਦੇ ਸਿੱਖ-ਸਿੱਖੀ ਅਸੂਲਾਂ ਤੋਂ ਜਾਣੂ ਤੇ ਪਹਿਰਾ ਦੇਣਾ ਜਾਣਦੇ ਸਨ। ਉਸ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਤਕ ਤੇ ਉਨ੍ਹਾਂ ਤੋਂ ਢੇਰ ਸਮੇਂ ਬਾਦ ਸਿੱਖਾਂ ਨੇ ਗੁਰੂ ਸਾਹਿਬਾਨ ਜਾਂ ਕਿਸੇ ਬਜ਼ੁਰਗ-ਸ਼ਹੀਦ ਦਾ ਬੁਤ ਨਹੀਂ ਬਨਣ ਦਿਤਾ। ਤਸਵੀਰ ਦਾ ਰਵਾਜ ਅਜੋਕੇ ਸਮੇਂ ਦੀ ਦੇਣ ਹੈ, ਇਹ ਕਿਉਂ ਤੇ ਕਿਵੇਂ ਪ੍ਰਚਲਤ ਹੋਇਆ, ਇਹ ਇਕ ਅਲਗ ਵਿਸ਼ਾ ਹੈ। ਗਲ ਕੀ ਇਸ ਵਿਚ ਦੋ ਰਾਵਾਂ ਨਹੀਂ ਕਿ ਕਿਸੇ ਸਿੱਖ ਬਜ਼ੁਰਗ ਦਾ ਬੁਤ ਬਨਾਣਾ ਕਰਨਾ ਜਾਂ ਕਿਸੇ ਖਾਸ ਜਗ੍ਹਾ ਤੇ ਸਥਾਪਤ ਕਰਨਾ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :-

'ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ ਕੋ ਪੂਜਨ ਧਾਇਉ'

ਗੁਰੂ ਸਾਹਿਬ ਬੁਤਾਂ ਵਿਚ ਯਕੀਨ ਜਾਂ ਅਕੀਦਾ ਰਖਣ ਵਾਲੇ ਨੂੰ ਪਸ਼ੂ ਬੁਧੀ ਨਾਲ ਤਰਜ਼ੀਹ ਦੇ ਰਹੇ ਹਨ :-

"ਕਿਆ ਬੁਤਪਰਸਤੰਦ ਮਨ ਬੁਤ ਸ਼ਿਕਨ" (ਜ਼ਫਰਨਾਮਾ)

ਅਰਥਾਤ ਪਹਾੜੀ ਰਾਜੇ ਬੁਤ ਪੂਜਕ ਹਨ ਮੈਂ ਬੁਤ ਖੰਡਨ (ਤੋੜਨ) ਵਾਲਾ ਹਾਂ।

ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਗੁਰਦੁਆਰੇ ਅੰਦਰ ਬੁਤ ਸਥਾਪਿਤ ਕਰਨ ਬਾਰੇ ਪੰਨਾ ੧੧ ਤੇ ਸਿਧਾ ਤੇ ਸਪਸ਼ਟ ਨਿਰਦੇਸ਼ ਦੇ ਰਹੀ ਹੈ :-

ਗੁਰਦੁਆਰਿਆਂ ਵਿਚ ਮੂਰਤੀਆਂ (ਬੁਤ) ਬਨਾਣੀਆਂ ਜਾਂ ਰਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅਗੇ ਮੱਥੇ ਟੇਕਣੇ, ਇਹੋ ਜਿਹੇ ਕਰਮ ਮਨਮੱਤ ਹਨ।

ਗੁਰਦੁਆਰੇ ਵਿਚ ਦੀ ਪਰਿਭਾਸ਼ਾ ਵਿੱਚ ਗੁਰਦੁਆਰੇ ਦੀ ਹਦੂਦ ਵੀ ਸ਼ਾਮਲ ਹੈ।

ਕੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਰਹਿਤ ਮਰਯਾਦਾ ਦੇ ਉਪਰੋਕਤ ਨਿਰਦੇਸ਼ ਦੀ ਪਾਬੰਦ ਨਹੀਂ ? ਜੇ ਕਰ ਹੈ ਤਾਂ ਫਿਰ ਗੁਰਦੁਆਰਾ ਰਕਾਬ ਗੰਜ



www.AKJ.Org

ਵਿਚ ਮਾਸਟਰ ਜੀ ਦਾ ਬੁੱਤ ਸਥਾਪਤ ਕਰਨਾ ਕਿਹੜੀ ਮਰਯਾਦਾ ਦਰਸਾਂਦਾ ਹੈ। ਵੈਸੇ ਭੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਕਾਰਜਸ਼ੀਲ ਖੇਤਰ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ ਨਾਕਿ ਬੁੱਤ ਸਥਾਪਤ ਕਰਨਾ। ਜੇਕਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬੁੱਤ ਸਥਾਪਤੀ ਵਾਲੇ ਪਾਸੇ ਤੁਰ ਪਈਆਂ ਤਾਂ ਇਹ ਕਾਬੇ ਵਿੱਚ ਕੁਫਰ ਉਠਣ ਸਮਾਨ ਹੋਏਗਾ।

ਪਤਾ ਨਹੀਂ ਕਿਨ੍ਹਾਂ ਸਿੱਖ ਪ੍ਰੰਪਰਾਵਾਂ ਨੂੰ ਮਦੇ ਨਜ਼ਰ ਰਖਕੇ, ਹੁਣ ਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾ: ਤਾਰਾ ਸਿੰਘ ਜੀ ਦਾ ਬੁੱਤ ਰਕਾਬ ਗੰਜ ਦੀ ਚਾਰਦੁਆਰੀ ਦੇ ਅੰਦਰ ਹੀ ਸਥਾਪਤ ਕਰਨ ਦਾ ਨਿਰਨਾ ਲਿਆ ਹੈ ਜਿਥੋਂ ਤਕ ਪਤਾ ਚਲਿਆ ਹੈ ਕਿ ਇਹ ਬੁੱਤ 1978 ਵਿਚ ਬਣਵਾਇਆ ਗਿਆ ਸੀ ਪਰ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਨਾ ਹੋਣ ਕਾਰਨ ਤੇ ਸੰਗਤਾਂ ਦੇ ਵਿਚ ਵਿਰੋਧ ਉਠਣ ਦੇ ਡਰ ਨੂੰ ਮੁੱਖ ਰਖਦੇ ਹੋਏ ਪਿਛਲੀ ਕਿਸੇ ਕਮੇਟੀ ਨੂੰ ਇਹ ਬੁੱਤ ਸਥਾਪਤ ਕਰਨ ਦਾ ਹੀਆ ਨਹੀਂ ਪਿਆ। ਪਿਛਲੇ ਪ੍ਰਧਾਨ ਸ: ਪਰਮਜੀਤ ਸਿੰਘ (ਪੰਜਾਬੀ ਬਾਗ) ਭੀ ਟਾਲ ਮਟੋਲ ਕਰਦੇ ਰਹੇ ਅਤੇ ਪਹਿਲਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਮਨਜ਼ੂਰੀ ਲੈਣ ਦੀ ਸਲਾਹ ਦੇਂਦੇ ਰਹੇ। ਪਤਾ ਨਹੀਂ ਹੁਣ ਕੀ ਚਾਣਚਕ ਐਸੀ ਜਲਦੀ ਆ ਪਈ ਸੀ ਕਿ ਸਿੱਖ ਪ੍ਰੰਪਰਾਵਾਂ ਦਾ ਘੋਰ ਉਲੰਘਣ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਕੋਲੋਂ ਸਲਾਹ ਲਏ ਬਗੈਰ ਹੀ ਇਕ ਦਮ ਇਹ ਬੁੱਤ ਲਗਾਣ ਦਾ ਨਿਰਨਾ ਲੈ ਲਿਆ ਗਿਆ ਹੈ। ਕੀ ਹੁਣ ਦੀ ਦਿੱਲੀ ਕਮੇਟੀ ਆਪਣੇ ਆਪ ਨੂੰ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਤੋਂ ਭੀ ਸੁਪਰੀਮ ਸਮਝਦੀ ਹੈ।

ਅਜ ਮਾਸਟਰ ਤਾਰਾ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ ਹੈ, ਉਹ ਭੀ ਇਤਿਹਾਸਕ ਗੁਰਦੁਆਰੇ ਦੀ ਹਦੂਦ ਦੇ ਅੰਦਰ। ਕੱਲ ਨੂੰ ਵਾਰੀ ਗਿ: ਕਰਤਾਰ ਸਿੰਘ, ਸ਼ੇਰ ਸਿੰਘ ਤੇ ਬਾਬਾ ਖੜਕ ਸਿੰਘਾਂ ਦੀ ਵੀ ਆ ਸਕਦੀ ਹੈ। ਅਤੇ ਕਿਤੇ ਸਮਾਂ ਪਾਕੇ ਇਹ ਪਿਰਤ ਸਿੱਖ ਸਹੀਦਾਂ ਤੇ ਸੰਤਾਂ ਮਹਾਪੁਰਸ਼ਾਂ ਤੇ ਨ ਪਹੁੰਚ ਜਾਏ। ਇਕ ਵਾਰ ਛੂਟ ਮਿਲ ਗਈ, ਗੱਲ ਸਿੱਖ ਗੁਰੂ ਸਾਹਿਬਾਨ ਦੇ ਬੁੱਤਾਂ ਉਪਰ ਆਕੇ ਮੁਕੇਗੀ। ਵੈਸੇ ਸਿੱਖੀ ਅਸੂਲਾਂ ਨੂੰ ਵਿਸਾਰ ਕੇ ਕੌਮ ਇਸ ਰਸਤੇ ਪੈ ਚੁਕੀ ਹੈ।

ਗਲ ਇਥੇ ਹੀ ਨਹੀਂ ਮੁਕਨੀ ਅਜ ਬੁਤ ਸਥਾਪਤ ਕੀਤਾ ਗਿਆ ਹੈ, ਕੁਝ ਸਾਲਾਂ ਬਾਦ ਸ਼ਾਇਦ ਕੋਈ ਮਾਸਟਰ ਜੀ ਦਾ ਸ਼ਰਧਾਲੂ ਉਨ੍ਹਾਂ ਦਾ ਜਨਮ ਦਿਨ ਮਨਾਣ ਖਾਤਰ ਬੁਤ ਨੂੰ ਹਾਰ ਆਦਿਕ ਪਾਉਣ ਦਾ ਪ੍ਰੋਗਰਾਮ ਬਣਾ ਲਏ। (ਜਿਸ ਤਰ੍ਹਾਂ ਅਸੀਂ ਆਮ ਹਿੰਦੂ ਲੀਡਰਾਂ ਦੇ ਜਨਮ-ਮਰਨ ਦੇ ਦਿਨਾਂ ਤੇ ਹੁੰਦਾ ਵੇਖਦੇ ਹਾਂ) ਕੀ ਇਹ ਬੁਤ ਪ੍ਰਸਤੀ ਵਲ ਵਧਣਾ ਨਹੀਂ ? ਸਤਿਗੁਰੂ ਬਖਸ਼ਸ਼ ਕਰਨ ਜੇਕਰ ਇਹ ਪ੍ਰਥਾ ਚਲ ਪਈ ਸਮਾਂ ਦੂਰ ਨਹੀਂ ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਜਾਏਗੀ। ਬੁਤ ਪ੍ਰਸਤ ਸਿੱਖ ਅਤੇ ਨਿਰਾਕਾਰ ਦੇ ਪੁਜਾਰੀ ਸਿੱਖ ਗੁਰਦੁਆਰੇ ਭੀ ਅਲਗ ਅਲਗ ਹੋਣਗੇ। ਬੁਤ ਪ੍ਰਸਤ ਸਿੱਖਾਂ ਦੇ ਗੁਰਦੁਆਰਿਆਂ ਅੰਦਰ ਗੁਰੂ ਗ੍ਰੰਥ ਸਾਹਿਬ ਤੋਂ ਛੁਟ ਗੁਰੂ ਸਾਹਿਬਾਨ ਦੇ ਬੁੱਤਾਂ ਦੀ ਪੂਜਾ ਭੀ ਹੋਇਆ ਕਰੇਗੀ (ਵੈਸੇ ਕੁਝ ਐਸੇ ਗੁਰਦੁਆਰੇ ਅਗੇ ਹੀ ਹੋਂਦ ਵਿਚ ਆ ਗਏ ਸੁਣੀਂਦੇ ਹਨ) ਦੂਜੇ ਗੁਰਦੁਆਰਿਆਂ ਵਿਚ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਸਥਾਪਤ ਹੋਣਗੇ। ਕਿਉਂਕਿ ਬੁੱਤ ਸਾਕਾਰ ਰੂਪ ਦੇ ਜ਼ਿਆਦਾ ਨਜ਼ਦੀਕ ਹੈ। ਹਿੰਦੂ ਮਤ ਦੇ ਪ੍ਰਭਾਵ ਕਾਰਨ, ਅਸੀਂ ਭੀ ਬੁੱਤ ਨਾਲ ਜ਼ਿਆਦਾ ਜੁੜਾਂਗੇ, ਸ਼ਬਦ ਗੁਰੂ ਨਾਲ ਘਟ।

ਮਹਿਦੇਆਨਾ (ਤਹਿਸੀਲਾ ਜਗਰਾਉਂ ਜ਼ਿਲਾ ਲੁਧਿਆਣਾ) ਵਿਖੇ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਸਿੱਖ ਸ਼ਹੀਦੀ ਸਾਕਿਆਂ ਦੀ ਬੁੱਤਾਂ ਰਾਹੀਂ ਪ੍ਰਦਰਸ਼ਨੀ ਇਸੀ ਪਿਰਤ ਦੀ ਇਕ ਕੜੀ ਹੈ ਸਿੱਖ ਸ਼ਹੀਦੀ ਸਾਕੇ ਤਸਵੀਰਾਂ ਅਤੇ ਪੈਟਿੰਗਜ਼ ਰਾਹੀਂ ਤਾਂ ਦਿਖਾਏ ਜਾ ਸਕਦੇ ਹਨ ਨਾਕਿ ਮਿੱਟੀ ਜਾਂ ਪੱਥਰ ਦੇ ਬੁੱਤਾਂ ਰਾਹੀਂ ਅਤੇ ਇਨ੍ਹਾਂ ਪੈਟਿੰਗਜ਼ ਜਾਂ ਫੋਟੂਆਂ ਦਾ ਸਥਾਨ ਸਿੱਖ ਅਜ਼ਾਇਬਘਰ ਹਨ ਨਾਕਿ ਸਿੱਖ ਗੁਰਦੁਆਰਿਆਂ ਦੇ ਆਂਗਨ। ਸਮਾਂ ਪਾਕੇ ਇਨ੍ਹਾਂ ਬੁੱਤ-ਨੁਮਾ ਸ਼ਹੀਦਾਂ ਦੀ ਕਿਸੇ ਨ ਕਿਸੇ ਢੰਗ ਨਾਲ ਪੂਜਾ ਹੋਣ ਦੀ ਸੰਭਾਵਨਾ ਹਮੇਸ਼ਾਂ ਬਣੀ ਰਹੇਗੀ। ਇਸੇ ਤਰ੍ਹਾਂ ਜਰਖੜ (ਲੁਧਿਆਣਾ) ਵਿਖੇ ਗੁਰਦੁਆਰਾ ਸਾਹਿਬ ਅੰਦਰ ਲਗਾਏ ਗਏ ਗੁਰੂ ਗੋਬਿੰਦ ਸਿੰਘ ਜੀ ਦਾ ਘੋੜੇ ਉਪਰ ਅਸਵਾਰ ਬੁੱਤ ਤੇ ਮਾਤਾ ਸਾਹਿਬ ਕੌਰ ਜੀ ਦਾ ਬੁੱਤ, ਜਿਨ੍ਹਾਂ ਉਪਰ ਚੰਦੋਆ ਭੀ ਤਾਣਿਆ ਹੋਇਆ ਹੈ, ਸਾਡਾ ਸਿੱਖੀ ਦੇ ਮੁੱਢਲੇ ਸਿਧਾਂਤਾਂ ਤੋਂ ਅਵੇਸਲੇ ਹੋਣ ਜਾਂ ਉਝੜ ਪੈ ਜਾਣ ਦਾ ਮੁਜ਼ਾਹਰਾ ਹੀ ਕਰ ਰਹੇ ਹਨ। ਮੇਰਠ ਤੇ ਜੰਮੂ ਵਿਖੇ ਗੁਰਦੁਆਰਿਆਂ ਦੇ ਅੰਦਰ ਗੁਰੂ ਨਾਨਕ ਸਾਹਿਬ ਦੇ ਬੁੱਤਾਂ ਦੀ ਹੋ ਰਹੀ ਪੂਜਾ ਸਿੱਖਾਂ ਦਾ ਸਿੱਖੀ ਅਸੂਲਾਂ ਨੂੰ ਵਿਸਾਰਨ (Ignore) ਦੀਆਂ ਮਿਸਾਲਾਂ ਹਨ। ਪੰਜਾਬ ਵਿਚ ਥਾਂ ਪੁਰ ਥਾਂ ਸਿੱਖ ਬਜ਼ੁਰਗਾਂ ਦੇ ਵਧ ਰਹੀ ਬੁੱਤਾਂ ਦੀ ਗਿਣਤੀ


www.AKJ.Org

ਅਤੇ ਕਈ ਜਗ੍ਹਾ ਪੁਰ ਇਨ੍ਹਾਂ ਦੀ ਕਿਸੇ ਨ ਕਿਸੇ ਰੂਪ ਵਿਚ ਹੋ ਰਹੀ ਪੂਜਾ ਸਿੱਖਾਂ ਅੰਦਰ ਵਧ ਰਹੀ ਬੁੱਤ-ਪ੍ਰਸਤੀ ਦੀ ਮਾਨਸਕਤਾ (mentality) ਨੂੰ ਹੀ ਦਰਸਾਂਦੀ ਹੈ। ਮੈਂ ਇਥੇ ਇਕ ਉਦਾਹਰਨ (ਮਿਸਾਲ) ਦੇਣੀ ਜ਼ਰੂਰੀ ਸਮਝਦਾ ਹਾਂ। ਸੰਨ 1966 ਦੇ ਆਸਪਾਸ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ, ਦਿੱਲੀ ਦੇ ਸਾਹਮਣੇ ਫਵਾਰੇ ਪਾਸ ਦਿੱਲੀ ਕਾਰਪੋਰੇਸ਼ਨ (ਜਿਸ ਉਪਰ ਉਸ ਸਮੇਂ ਜਨਸੰਘ, ਹੁਣ ਦੀ ਬੀ. ਜੇ. ਪੀ. ਕਾਬਜ ਸੀ) ਵਲੋਂ ਭਾਈ ਮਤੀ ਦਾਸ ਦਾ ਬੁੱਤ ਸਥਾਪਤ ਕਰਵਾਇਆ ਗਿਆ ਸੀ। ਪਰ ਸਿੱਖਾਂ ਨੇ ਇਹ ਬਰਦਾਸ਼ਤ ਨਹੀਂ ਕੀਤਾ ਅਤੇ ਬੁੱਤ ਨੂੰ ਰਾਤੋਂ ਰਾਤ ਤੋੜ ਦਿਤਾ ਸੀ। ਇਸ ਜ਼ੁਰਮ ਵਿਚ ਪੰਜ-ਛੇ ਸਿੱਖ ਮੁੰਡੇ ਗਰਿਫਤਾਰ ਭੀ ਕੀਤੇ ਗਏ ਸਨ, ਜਿਨ੍ਹਾਂ ਨੂੰ ਬਾਦ ਵਿਚ ਬਖਸ਼ੀ ਜਗਦੇਵ ਸਿੰਘ ਦੇ ਯਤਨਾਂ ਨਾਲ ਛੁਡਵਾਇਆ ਜਾ ਸਕਿਆ ਸੀ, ਪਰ ਅਸਲੀਅਤ ਇਹ ਹੈ ਕਿ ਜੇਕਰ ਉਸ ਸਮੇਂ ਇਹ ਕਦਮ ਨਾ ਚੁਕਿਆ ਗਿਆ ਹੁੰਦਾ ਤਾਂ ਸ਼ਾਇਦ ਦਿੱਲੀ ਅੰਦਰ ਹੋਰ ਭੀ ਸਿੱਖ ਬਜ਼ੁਰਗਾਂ ਦੇ ਬੁੱਤ ਸਥਾਪਤ ਹੋ ਜਾਂਦੇ ਪਰ ਉਸ ਸਮੇਂ ਦੇ ਨੌਜੁਵਾਨਾ ਵਲੋਂ ਭਾਈ ਮਤੀ ਦਾਸ ਦੇ ਬੁੱਤ ਨੂੰ ਤੋੜਨ ਦਾ ਹੀ ਨਤੀਜਾ ਸੀ ਕਿ ਅਗੋਂ ਤੋਂ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਨੂੰ ਦਿੱਲੀ ਵਿਚ ਕਿਸੇ ਸਿੱਖ ਬਜ਼ੁਰਗ ਦਾ ਬੁੱਤ ਸਥਾਪਤ ਕਰਨ ਦੀ ਹਿੰਮਤ ਨਹੀਂ ਪਈ,ਪਰ ਜੇਕਰ ਹੁਣ ਵਾਲੀ ਦਿੱਲੀ ਕਮੇਟੀ ਹੀ ਇਸੇ ਪਰਪਾਟੀ ਵਲ ਤੁਰ ਪਈ (ਉਹ ਭੀ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਤਾਂ ਦੂਜਿਆਂ ਨੂੰ ਅਸੀਂ ਕਿਸ ਤਰ੍ਹਾਂ ਰੋਕ ਸਕਦੇ ਹਾਂ। ਸਮਾਂ ਪਾਕੇ ਇਹ ਬੁੱਤ ਕੇਵਲ ਸੜਕਾਂ ਦੇ ਚੁਰਾਹਿਆਂ ਜਾਂ ਪਾਰਕਾਂ ਦਾ ਸ਼ਿੰਗਾਰ ਨਾ ਰਹਿਕੇ, ਹੋ ਸਕਦਾ ਹੈ, ਲੋਕਲ ਛੋਟੇ ਛੋਟੇ ਗੁਰਦੁਆਰਿਆਂ ਅੰਦਰ ਭੀ ਪ੍ਰਗਟ ਹੋ ਜਾਣ। ਉਸ ਸਮੇਂ ਇਸ ਅਮਰ ਵੇਲ ਦੀ ਤਰ੍ਹਾਂ ਵਧ ਰਹੀ ਬਿਮਾਰੀ ਦਾ ਇਲਾਜ਼ ਭੀ ਅਸੰਭਵ ਹੋ ਜਾਏਗਾ।

ਸੋ ਜ਼ਰੂਰਤ ਹੈ ਸਮਾਂ ਰਹਿੰਦੇ ਹੀ ਸਾਵਧਾਨ ਹੋਣ ਦੀ ਅਤੇ ਕੌਮ ਨੂੰ ਇਸ ਬੁੱਤ ਸਥਾਪਤ ਕਰਨ ਦੀ ਪ੍ਰਥਾ ਤੋਂ ਬਚਾਉਣ ਦੀ। ਸਿੱਖ ਧਰਮ ਤੇ ਰਹਿਤ ਮਰਯਾਦਾ ਉਪਰ ਪਹਿਰਾ ਦੇਣ ਵਾਲੀਆਂ ਸਾਰੀਆਂ ਸਿੱਖ ਸੰਗਤਾਂ, ਸਿੱਖ ਸੰਸਥਾਵਾਂ, ਸਿੰਘ ਸਭਾਵਾਂ ਤੇ ਸੁਸਾਇਟੀਆਂ ਅਗੇ ਨਿਮ੍ਰ ਬੇਨਤੀ ਹੈ ਕਿ ਉਪਰੋਕਤ ਬਿਆਨੇ ਗਏ ਬੁੱਤਾਂ ਨੂੰ ਲਗਾਉਣ ਦਾ ਜ਼ੋਰਦਾਰ ਵਿਰੋਧ ਕਰਨ ਅਤੇ ਨਾਲ ਹੀ ਹੁਣ ਵਾਲੀ ਦਿੱਲੀ ਕਮੇਟੀ ਨੂੰ ਬੁੱਤ ਸਥਾਪਤ ਕਰਨ ਵਾਲੇ ਫੈਸਲੇ ਉਪਰ ਨਜ਼ਰਸਾਨੀ ਕਰਨ ਅਤੇ ਗੁਰਦੁਆਰੇ ਦੀ ਹਦੂਦ ਅੰਦਰ ਇਹ ਬੁੱਤ ਹਟਾਉਣ ਲਈ ਮਜਬੂਰ ਕੀਤਾ ਜਾਏ। ਹੋਰ ਸਥਾਨਾਂ, ਸ਼ਹਿਰਾਂ ਜਾਂ ਦੇਸ਼ਾਂ ਅੰਦਰ ਜਿਥੇ ਭੀ ਸਿੱਖ ਬਜ਼ੁਰਗਾਂ ਦੇ ਬੁੱਤ ਲਗਾਏ ਗਏ ਹਨ ਜਾਂ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜ਼ੁੰਮੇਵਾਰ ਸਿੱਖ ਸੰਸਥਾਵਾਂ ਵਲੋਂ ਇਨ੍ਹਾਂ ਸਭ ਦਾ ਜੋਰਦਾਰ ਢੰਗ ਨਾਲ ਵਿਰੋਧ ਹੋਣਾ ਚਾਹੀਦਾ ਹੈ ਤੇ ਐਸਾ ਮਾਹੌਲ ਤਿਆਰ ਕਰਨ ਚਾਹੀਦਾ ਹੈ ਕਿ ਬੁੱਤ ਸਥਾਪਤ ਕਰਨ ਦੀ ਵਧ ਰਹੀ ਪਰਪਾਟੀ ਨੂੰ ਠਲ ਪਾਈ ਜਾ ਸਕੇ ਅਤੇ ਖ਼ਤਮ ਕੀਤਾ ਜਾ ਸਕੇ।

ਇਸ ਨਾਲੋਂ ਕਿਧਰੇ ਚੰਗਾ ਹੈ ਕਿ ਅਲਗ ਅਲਗ ਬੋਲੀਆਂ (ਹਿੰਦੀ, ਉਰਦੂ, ਪੰਜਾਬੀ, ਫਰੈਂਚ) ਆਦਿਕ ) ਵਿਚ ਪਲੇਕਾਂ (Plaques) ਥਾਂ ਥਾਂ ਲਗਾਈਆਂ ਜਾਣ ਜਿਨ੍ਹਾਂ ਉਪਰ ਮਾਸਟਰ ਤਾਰਾ ਸਿੰਘ ਜਾਂ ਹੋਰ ਬਜ਼ੁਰਗਾਂ ਦੀਆਂ ਜੀਵਨੀਆਂ ਅਤੇ ਭਾਰਤਵਰਸ਼ ਦੀ ਅਜ਼ਾਦੀ ਦੀ ਲੜਾਈ ਵਿਚ ਦੇਣ, ਭਾਰਤੀ ਸਮਾਜ ਅਤੇ ਸਿੱਖ ਕੌਮ ਲਈ ਘਾਲੀਆਂ ਘਾਲਨਾ ਸੰਖੇਪ ਵਿਚ ਲਿਖਵਾਈਆਂ ਜਾਂਣ ਜਾਂ ਹਸਪਤਾਲ, ਲਾਇਬਰੇਰੀ, ਸਕੂਲ, ਪਾਰਕ ਉਨ੍ਹਾਂ ਦੇ ਨਾਮ ਸਥਾਪਤ ਕੀਤੇ ਜਾਣ ਤਾਂਕਿ ਆਉਣ ਵਾਲੀਆਂ ਪੁਸ਼ਤਾਂ ਅਤੇ ਆਮ ਲੋਕ ਸਿੱਖ ਬਜ਼ੁਰਗਾਂ ਦੀਆਂ ਸਖਸ਼ੀਅਤਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਸਕਣ ਤੇ ਮਾਨਣ ਮਹਿਸੂਸ ਕਰ ਸਕਣ।

ਜੇਕਰ ਬੁੱਤ ਸਥਾਪਨਾ ਦੀ ਰੀਤ ਨੂੰ ਹੁਣ ਠੱਲ ਨਾ ਪਾਈ ਗਈ ਤਾਂ "ਲੱਮਹੋਂ ਨੇ ਖਤਾ ਕੀ ਸਦੀਉਂ ਨੇ ਸਜਾ ਪਾਈ" ਵਾਲੇ ਅਖਾਣ ਅਨੁਸਾਰ ਸਾਡੀਆਂ ਆਵਣ ਵਾਲੀਆਂ ਪੀੜੀਆਂ ਸਿੱਖ ਧਰਮ ਤੋਂ ਬਹੁਤ ਦੂਰ ਜਾ ਚੁਕੀਆਂ ਹੋਣਗੀਆਂ ਤੇ ਅਸੀਂ ਹੱਥ ਮਲਦੇ ਰਹਿ ਜਾਵਾਂਗੇ।

---

**ਭਾਈ ਸਾਹਿਬ ਰਣਧੀਰ ਸਿੰਘ ਜੀ ਪਾਠ ਉਤਸ਼ਾਹਤ ਸਕੀਮ**

ਹਰ ਸਾਲ ਦੀ ਤਰਾਂ ਲੁਧਿਆਣਾ ਵਿਖੇ ਪੋਹ ਸੁਦੀ ਸਪਤਮੀ ਦੇ ਸਾਲਾਨਾ ਸਮਾਗਮ ਦੌਰਾਨ ਹੋਣ ਵਾਲੀ ਲੜੀਦਾਰ ਸਰੂਪ ਤੋਂ ਸ਼ੁਧ ਪਾਠ ਦੀ ਪ੍ਰੀਖਿਆ ਦੇਣ ਦੇ ਚਾਹਵਾਨ ੨੫ ਸਾਲ਼ ਤਕ ਦੀ ਉਮਰ ਦੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਜੋ ਘੱਟੋ-ਘੱਟ ੩੦ ਪੰਨੇ ਫੀ ਘੰਟਾ ਪਾਠ ਕਰ ਸਕਦੇ ਹੋਣ ਹੇਠ ਲਿਖੇ ਪਤੇ ਤੋਂ ਫਾਰਮ ਮੰਗਾ ਕੇ ਭਰ ਕੇ ਭੇਜ ਸਕਦੇ ਹਨ :-

ਸਕੱਤਰ ਭਾਈ ਰਣਧੀਰ ਸਿੰਘ ਟ੍ਰਸਟ, ੨੩-ਜੀ ਸਰਾਭਾ ਨਗਰ ਲੁਧਿਆਣਾ।


www.AKJ.Org

# ਗੁਰਮਤਿ ਵਿਚ ਗ੍ਰਿਹਸਥ ਜੀਵਨ

(ਸਤਵਿੰਦਰ ਕੌਰ)

ਮਨੁਖਾ ਜੀਵਨ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੇ ਰਸਤੇ ਵਿਚ ਸਭ ਤੋਂ ਵਧ ਦਿਲਚਸਪ, ਹੁਲਾਸਮਈ, ਖੁਸ਼ੀਆਂ ਚਾਵਾਂ ਭਰਪੂਰ ਪੜਾਅ ਹੈ ਵਿਆਹ। ਵਿਆਹ ਦੋ ਅਣਜਾਣ ਰੂਹ, ਅਣਵੇਖੇ, ਅਣਡਿਠੇ ਪ੍ਰਾਣੀਆਂ ਦਾ ਸਦੀਵੀ ਸੰਜੋਗ। ਵਿਆਹ ਮਰਦ ਅਤੇ ਇਸਤਰੀ ਦੀ ਪੂਰਨਤਾ ਲਈ ਜਰੂਰੀ ਹੈ। ਇਕ ਦੂਜੇ ਦੇ ਪੂਰਕ ਹਨ ਦੋਨੋਂ ਮਿਲ ਕੇ ਪੂਰਨ ਹਨ। ਇਕ ਤੋਂ ਬਿਨਾਂ ਦੂਜਾ ਅਧੂਰਾ ਹੈ। ਗੁਰਮਤ ਵਿਚ ਵਿਆਹ ਸਿਰਫ ਸਰੀਰਾਂ ਦਾ ਹੀ ਨਹੀ ਸਗੋਂ ਰੂਹਾਂ ਦਾ ਵੀ ਮਿਲਣ ਹੈ। ਆਤਮਕ ਸੰਜੋਗ ਹੈ, ਪ੍ਰਮਾਤਮਾ ਦੁਆਰਾ ਨਿਸ਼ਚਤ ਕੀਤੇ ਗਏ (ਧੁਰੋਂ ਪਇਆ ਸੰਜੋਗ) ਪਤੀ ਪਤਨੀ (ਏਕ ਜੋਤਿ ਦੁਇ ਮੂਰਤੀ) ਦੇ ਸਰੀਰ ਇਕ ਜਾਨ ਹਨ। ਗੁਰੂ ਸਹਿਬਾਂ ਨੇ ਆਤਮਾ ਤੇ ਪ੍ਰਮਾਤਮਾ ਨਾਲ ਰਿਸ਼ਤੇ ਨੂੰ ਪ੍ਰਗਟਾਉਣ ਲਈ ਇਹ ਪਤੀ ਪਤਨੀ ਦਾ ਪ੍ਰਤੀਕ ਹੀ ਵਰਤਿਆ ਹੈ ਜੋ ਇਸ ਰਿਸ਼ਤੇ ਦੀ ਗਹਿਰਾਈ ਨੂੰ ਬਹੁਤ ਤੀਬਰਤਾ ਨਾਲ ਪ੍ਰਗਟਾਉਂਦਾ ਹੈ। ਸਾਰੀ ਗੁਰਬਾਣੀ ਵਿਚ ਆਤਮਾ ਵਿਆਹੁਤਾ ਇਸਤਰੀ ਦੇ ਰੂਪ ਵਿਚ ਪੇਸ਼ ਹੈ ਜੋ ਆਪਣੇ ਪਤੀ ਪ੍ਰਮਾਤਮਾ ਨਾਲ ਮਿਲਣ ਲਈ ਮਨ ਵਿਚ ਤੜਪ ਲਈ ਵਿਚਰਦੀ ਹੈ। ਗੁਰੂ ਸਾਹਿਬਾ ਨੇ ਇਸ ਪੇਸ਼ਕਾਰੀ ਵਿਚ ਔਰਤ ਮਰਦ ਦੇ ਰਿਸ਼ਤੇ ਦਾ ਜੋ ਆਦਰਸ਼ ਚੁਣਿਆ ਹੈ ਉਸ ਦਾ ਸਬੰਧ ਦੰਪਤੀ ਨਾਲ ਹੈ। ਇਹ ਸਬੰਧ ਮਾਲਕ ਤੇ ਗੁਲਾਮ ਵਾਲਾ ਨਹੀਂ ਜਿਸ ਵਿਚ ਇਸਤ੍ਰੀ ਕਠੋਰ ਚਿਤ ਮਰਦ ਦੀ ਹਰ ਇਛਾ ਪੂਰੀ ਕਰਨ ਲਈ ਮਜਬੂਰ ਹੈ। ਜੇ ਉਨ੍ਹਾਂ ਦੇ ਮਨ ਅੰਦਰ ਪਤੀ ਲਈ ਕੁਝ ਭੈ ਅਦਬ ਹੈ ਤਾਂ ਇਹ ਉਸ ਦੇ ਆਪਣੇ ਪਿਆਰ ਦਾ ਸੂਚਕ ਹੈ। ਗੁਰੂ ਕਵੀਆਂ ਦੀ ਰਚਨਾ ਵਿਚ ਕੰਤ ਅਕਾਲ ਪੁਰਖ ਦੇ ਸਮੂਹ ਗੁਣਾਂ ਦਾ ਸੁੰਦਰ ਸੁਮੇਲ ਹੈ। ਪਤੀ ਦੇ ਇਹ ਉਚ ਗੁਣ ਹੀ ਹਨ ਜਿਨ੍ਹਾਂ ਕਰਕੇ ਇਸਤ੍ਰੀ ਦੀ ਉਸ ਨੂੰ ਪਾਉਣ ਅਤੇ ਚਾਹੁਣ ਦੀ ਇਛਾ ਤੀਬਰ ਹੁੰਦੀ ਹੈ। ਪਤੀ ਦੇ ਇਹ ਗੁਣ ਮਿਠਬੋਲੜਾ, ਬਖ਼ਸ਼ੰਦ, ਕ੍ਰਿਪਾਲੂ, ਦਿਆਲੂ, ਔਗੁਣਾਂ ਨੂੰ ਨਾ ਚਿਤਾਰਨ, ਵਾਲਾ ਵੇਖ ਕੇ ਅਣਡਿੱਠ ਕਰਨ ਵਾਲਾ, ਵਿਸ਼ਾਲ ਹਿਰਦੇ ਵਾਲਾ ਹੋਣੇ ਹਨ। ਇਸ ਤਰਾਂ ਗੁਰਬਾਣੀ ਦਾ ਪਤੀ ਪ੍ਰੀਤਮ ਹੈ ਜਿਹੜਾ ਆਪਣੇ ਗੁਣਾਂ ਕਰਕੇ ਪ੍ਰੇਮ ਕਰਨ ਦੇ ਯੋਗ ਹੈ। ਇੱਹ ਪਤੀ ਹਮੇਸ਼ਾ ਇਸਤ੍ਰੀ ਦੇ ਪ੍ਰੇਮ ਤੇ ਸ਼ਰਧਾ ਦਾ ਕੇਂਦਰ ਹੈ ਅਤੇ ਇਸ ਤਰਾਂ ਗੁਰਬਾਣੀ ਅਨੁਸਾਰ ਇਸਤ੍ਰੀ ਸਮਾਜਕ ਕਦਰਾਂ ਕੀਮਤਾਂ ਕਰਕੇ ਨਹੀਂ ਸਗੋਂ ਪ੍ਰੇਮ ਤੇ ਸ਼ਰਧਾ ਕਰਕੇ ਆਪਣੇ ਆਪ ਨੂੰ ਪਤੀ ਦੀ ਦਾਸੀ ਸਮਝਦੀ ਹੈ-

ਹਮ ਸਹ ਕੇਰੀਆਂ ਦਾਸੀਆ
ਸਾਚਾ ਖਸਮੁ ਹਮਾਰਾ।। (੭੨੯)

ਪਰ ਜਗੀਰਦਾਰੀ ਸਮਾਜ ਵਿਚ ਇਹ ਰਿਸ਼ਤਾ ਮਾਲਕ ਗੁਲਾਮ ਵਾਲਾ ਸੀ। ਉਸ ਵਕਤ ਇਸਤ੍ਰੀ ਪੁਰਸ਼ ਦੀ ਦਾਸੀ ਦਾ ਵਿਚਾਰ ਪ੍ਰਚਲਤ ਸੀ। ਪਤੀ ਦੇ ਅਰਥ ਹੀ ਪ੍ਰਧਾਨ ਦੇ ਸਨ। ਪਤੀ ਇਸਤ੍ਰੀ ਦਾ ਪ੍ਰਭੂ ਸੀ। ਇਸ ਸੰਕਲਪ ਦੇ ਅਨੁਸਾਰ ਪਤਨੀ ਦੇ ਮਨ ਵਿਚ ਪਤੀ ਲਈ ਭਾਂਵੇ ਕਿੰਨੀ ਸ਼ਰਧਾ ਤੇ ਪਿਆਰ ਹੋਵੇ ਪਰ ਪਤੀ ਲਈ ਜ਼ਰੂਰੀ ਨਹੀਂ ਕਿ ਉਹ ਵੀ ਪਤਨੀ ਨੂੰ ਉਨੀ ਹੀ ਤੀਬਰਤਾ ਨਾਲ ਪਿਆਰ ਕਰੇ ਸਗੋਂ ਉਹ ਤਾਂ ਪਤਨੀ ਦੀ ਨਿਕਦਰੀ ਕਰਨ ਵਿਚ ਹੀ ਮਾਣ ਸਮਝਦਾ ਹੈ। ਅਜਿਹੇ ਪਤੀ ਲਈ ਪਤਨੀ ਦੇ ਭਾਵ ਉਸੇ ਤਰਾਂ ਕ਼ਾਇਮ ਰਹਿਣੇ ਸੰਭਵ ਨਹੀਂ। ਗੁਰੂ ਸਾਹਿਬਾਂ ਨੇ ਇਸੇ ਕਰਕੇ ਹੀ ਗੁਰਬਾਣੀ ਵਿਚ ਕੰਤ ਨੂੰ ਅਕਾਲ ਪੁਰਖ ਦੇ ਗੁਣਾਂ ਦੀ ਵਡਿਆਈ ਦਿੱਤੀ ਹੈ (ਅਕਾਲ ਪੁਰਖ ਨੂੰ ਵੀ ਕੰਤ ਕਿਹਾ ਹੈ- ਇਥੇ ਮੇਰਾ ਭਾਵ ਦੁਨਿਆਵੀ ਕੰਤ ਤੋਂ ਹੈ। ਗੁਰੂ ਸਾਹਿਬਾਂ ਦੀ ਇਸ ਦੇਣ ਨਾਲ ਸਮਾਜ ਵਿਚ ਇਸਤ੍ਰੀ ਦੀ ਸਥਿਤੀ ਵਿਚ ਸੁਧਾਰ ਆਇਆ। ਮੰਨੂ ਸਿਮਰਤੀ ਦੇ ਸਿਧਾਂਤਾ ਅਨੁਸਾਰ ਚੰਗੀ ਇਸਤ੍ਰੀ ਸ਼ੂਦਰ ਤੋਂ ਵੀ ਭੈੜੀ ਹੈ ਅਤੇ ਭੈੜੇ ਤੋਂ ਭੈੜੇ ਮਰਦ ਤੋਂ ਵੀ ਭੈੜੀ ਹੈ। ਇਸਤ੍ਰੀ ਨੂੰ ਕੋਈ ਅਜ਼ਾਦੀ, ਖੁਲ ਨਹੀਂ ਮਿਲਣੀ ਚਾਹੀਦੀ। ਇਸਤ੍ਰੀ ਕਮਜ਼ੋਰ, ਪਾਪਣ, ਮੂਰਖ ਅਤੇ ਗੈਰਜ਼ਿੰਮੇਵਾਰ ਹੈ। ਸਿਰਫ ਮਰਦ ਦੀ ਆਗਿਆ ਵਿਚ ਰਹਿਣ ਨਾਲ ਹੀ ਉਹ ਇਸ ਜਨਮ ਵਿਚ ਅਤੇ ਅਗਲੇ ਜਨਮ ਵਿਚ ਆਪਣੇ ਆਪ ਨੂੰ ਤਬਾਹੀ ਤੋਂ ਬਚਾ ਸਕਦੀ ਹੈ। ਮਰਦ ਦੀ ਅਵਗਿਆ ਕਰਨ ਤੇ ਇਸਤ੍ਰੀ ਨੂੰ ਛੜੀ ਨਾਲ ਸਜਾ ਦੇਣੀ ਚਾਹੀਦੀ ਹੈ। ਇਸੇ ਤਰਾਂ ਹੀ ਨਾਥ ਜੋਗੀਆਂ ਸੰਤਾਂ, ਭਗਤਾਂ ਦੀ ਕਵਿਤਾ ਵਿਚੋਂ ਵੀ ਸਾਨੂੰ ਇਸਤ੍ਰੀ ਦੇ ਕਾਮਨੀ, ਬਾਘਨਿ, ਬੁਰਾਈਆਂ ਦੀ ਜੜ ਹੋਣ ਜਿਹੇ ਵਿਚਾਰਾਂ ਦਾ ਪਤਾ ਚਲਦਾ ਹੈ ਪਰ ਇਸ ਦੇ ਉਲਟ ਗੁਰੂ ਨਾਨਕ ਦੇਵ ਜੀ ਨੇਂ

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।(੪੭੩)

ਕਹਿ ਕੇ ਇਸਤ੍ਰੀ ਦੇ ਸਮਾਜਕ ਪਧਰ ਨੂੰ ਉਪਰ ਚੁਕਿਆ ਅਤੇ ਬੁਰਾਈਆਂ ਦੀ ਜੜ ਦੇ ਖ਼ਿਲਾਫ ਇਸਤ੍ਰੀ ਨੂੰ ਮਰਦ ਦਾ ਈਮਾਨ ਦਸਿਆ। ਗ੍ਰਿਹਸਥ ਨੂੰ ਸ਼ਰੇਸ਼ਟ



www.AKJ.Org

ਦੱਸ ਕੇ ਨਾਥ ਜੋਗੀਆਂ ਦੇ ਗ੍ਰਹਿਸਥ ਬਾਰੇ ਅਤੇ ਇਸਤ੍ਰੀ ਬਾਰੇ ਗਲਤ ਰਵਈਏ ਨੂੰ ਭੰਡਿਆ ਅਤੇ ਚੰਗੀ ਇਸਤ੍ਰੀ ਨੂੰ ਗੰਗਾ ਦੇ ਨੀਰ ਵਰਗੀ ਪਵਿਤ੍ਰ ਕਿਹਾ :-

ਸੋ ਗਿਰਹੀ ਜੋ ਨਿਗ੍ਰਹੁ ਕਰੈ ਜਪੁ ਤਪੁ ਸੰਜਮੁ ਭੀਖਿਆ ਕਰੈ।।
ਪੁੰਨ ਦਾਨ ਕਾ ਕਰੇ ਸਰੀਰੁ।। ਸੋ ਗਿਰਹੀ ਗੰਗਾ ਕਾ ਨੀਰੁ।।

ਇਸਤ੍ਰੀ ਅਰਧ ਅੰਗਨੀ ਤੇ ਮੁਕਤੀ ਦਾ ਸਾਧਨ ਹੈ :-

ਲੋਕ ਵੇਦ ਗੁਣ ਗਿਆਨ ਵਿਚਿ ਅਰਧ ਸਰੀਰੀ
ਮੋਖ ਦੁਆਰੀ ਗੁਰਮੁਖ ਸੁਪ ਫਲ ਨਿਹਚਉ ਨਾਰੀ।।

ਇਸ ਤਰਾਂ ਗੁਰੂ ਕਵੀਆਂ ਨੇ ਇਸਤ੍ਰੀ ਤੇ ਮਰਦ ਨੂੰ ਆਦਰਸ਼ ਰੂਪ ਵਿਚ ਚਿਤਰ ਕੇ ਇਹ ਸਿਧਾਂਤ ਦਿੱਤਾ ਕਿ ਕੰਤ ਸਰਬ ਗੁਣ ਸੰਪੰਨ ਹੈ। ਪਿਆਰ ਕਰਨ ਯੋਗ ਹੈ- ਇਸਤ੍ਰੀ ਹਰ ਵਕਤ ਉਸ ਨਾਲ ਮਿਲਾਪ ਲਈ ਤੜਪਦੀ ਹੈ। ਇਹ ਆਦਰਸ਼ ਗੁਣਾਂ ਵਾਲਾ ਕੰਤ ਹੋਣ ਲਈ ਮਰਦ ਪਤੀ ਨੂੰ ਇਹ ਉਪਦੇਸ਼ ਦਿੱਤਾ ਗਿਆ ਕਿ ਪਤਨੀ ਦੇ ਪਤੀ ਬ੍ਰਤ ਹੋਣ ਦੇ ਨਾਲ ਹੀ ਉਸ ਨੇ ਵੀ

ਨਿਜ ਨਾਰੀ ਸੰਗ ਨੇਹੁ ਤੁਮ ਨਿਤ ਬਢਈਅਹੁ।।
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਅਹੁ।।

ਦੇ ਸਿਧਾਂਤ ਅਨੁਸਾਰ ਚਲਣਾ ਹੈ ਭਾਵ ਸੁਪਨੇ ਵਿਚ ਵੀ ਦੂਜੀ ਇਸਤ੍ਰੀ ਦਾ ਖ਼ਿਆਲ ਨਹੀਂ ਕਰਨਾ।

ਪਤਨੀ ਨੂੰ ਪਤੀ ਦੀ ਆਗਿਆ ਵਿਚ ਰਹਿਣ ਮਿਠਾ ਬੋਲਣ, ਨਿਵ ਕੇ ਚਲਣ, ਸੇਵਾ ਕਰਨ ਦਾ ਉਪਦੇਸ਼ ਦਿੱਤਾ ਪਰ ਨਾਲ ਹੀ ਪਤੀ ਨੂੰ ਬਖ਼ਸ਼ੰਦ, ਕ੍ਰਿਪਾਲੂ, ਦਿਆਲੂ ਹੋਣ ਦੀ ਵਡਿਆਈ ਦਿੱਤੀ ਪਰ ਤ੍ਰਾਸਦੀ ਇਹ ਹੈ ਕਿ ਅਜ ਦੇ ਸਮਾਜ ਵਿਚ ਬਹੁਤੇ ਪਤੀ ਪਤਨੀ ਤੋਂ ਤਾਂ ਬਾਣੀ ਦੇ ਅਨੁਸਾਰੀ ਹੋਣ ਦੀ ਮੰਗ ਕਰਦੇ ਹਨ ਪਰ ਆਪਣੇ ਸਭ ਗੁਣਾਂ ਨੂੰ ਜੋ ਕੰਤ ਵਿਚ ਹੋਣੇ ਚਾਹੀਦੇ ਹਨ, ਉਨ੍ਹਾਂ ਨੂੰ ਭੁੱਲ ਚੁਕੇ ਹਨ। ਉਹ ਗੁਰਬਾਣੀ ਵਿਚ ਪੇਸ਼ ਕਬੀਰ ਜੀ ਦੇ ਸ਼ਬਦ

ਕਰਵਤ ਭਲਾ ਨਾ ਕਰਵਟ ਤੇਰੀ

ਦਾ ਅਰਥ ਇਸ ਪ੍ਰਕਾਰ ਲੈਂਦੇ ਹਨ ਕਿ ਪਤੀ ਪਤਨੀ ਨੂੰ ਬੇਸ਼ਕ ਆਰੇ ਨਾਲ ਚੀਰ ਦੇਵੇ ਪਰ ਪਤਨੀ ਉਸ ਵਲੋਂ ਮੁਖ ਨਾਂ ਮੋੜੇ ਅਤੇ ਉਹ ਵਾਕਿਆ ਹੀ ਆਰੇ ਨਾਲ ਪਤਨੀ ਨੂੰ ਚੀਰ ਦੇਣਾ ਆਪਣਾ ਹੱਕ ਸਮਝਦੇ ਹਨ ਜਦ ਕਿ ਇਥੇ ਇਹ ਸ਼ਬਦ ਜਿਸ ਭਾਵ ਦੀ ਵਿਆਖਿਆ ਕਰ ਰਿਹਾ ਹੈ ਉਹ ਇਸਤ੍ਰੀ ਵਲੋਂ ਹੈ ਕਿ ਇਸਤ੍ਰੀ ਆਪਣੀ ਭੁੱਲ ਲਈ ਪਤੀ ਤੋਂ ਮਾਫੀ ਮੰਗਦੀ ਹੈ ਅਤੇ ਉਸ ਨੂੰ ਕਹਿੰਦੀ ਹੈ ਕਿ ਤੂੰ ਮੈਨੂੰ ਬੇਸ਼ਕ ਆਰੇ ਨਾਲ ਚੀਰ ਦੇ ਪਰ ਮੇਰੇ ਵਲੋਂ ਮੁਖ ਨਾ ਮੋੜ। ਇਸ ਤਰਾਂ ਇਹ ਸ਼ਬਦ ਇਸਤ੍ਰੀ ਵਲੋਂ ਪਤੀ ਵਲ ਉਸ ਦੇ ਪ੍ਰੇਮ ਅਤੇ ਸ਼ਰਧਾ ਨੂੰ ਪ੍ਰਗਟ ਕਰਦਾ ਹੈ ਕਿ ਪਤੀ ਦੇ ਮੁਖ ਮੋੜਨ ਨਾਲੋਂ ਆਪਣੇ ਆਪ ਨੂੰ ਆਰੇ ਨਾਲ ਚਿਰਵਾਏ ਜਾਣਾ ਪਸੰਦ ਕਰਦੀ ਹੈ ਉਹ ਅਸੀਂ ਗੁਰਮਤ ਅਨੁਸਾਰ ਵੇਖਣਾ ਹੈ। ਪਤੀ ਜਦ ਕਿ ਬਖ਼ਸ਼ੰਦ ਹੈ, ਕ੍ਰਿਪਾਲੂ ਹੈ, ਦਿਆਲੂ ਹੈ, ਔਗੁਣਾਂ ਨੂੰ ਨਾ ਚਿਤਾਰਨ ਵਾਲਾ ਹੈ ਤਾਂ ਪਤੀ ਇਥੇ ਮਾਫ ਕਰਨ ਵਾਲਾ ਬਖ਼ਸ਼ਣ ਵਾਲਾ ਹੋਣਾ ਚਾਹੀਦਾ ਹੈ। ਪਤਨੀ ਦਾ ਮੁਆਫੀ ਮੰਗ ਲੈਣਾ ਇੰਨੀ ਵਡੀ ਗਲ ਨਹੀਂ ਜਿੰਨੀ ਵਡੀ ਗਲ ਪਤੀ ਦਾ ਮੁਆਫ ਕਰ ਦੇਣਾ ਹੈ ਕਿਉਂ ਕਿ ਮਾਫ ਕਰਨ ਵਾਸਤੇ ਸਾਨੂੰ ਸਹਿਣਸ਼ੀਲਤਾ, ਵਿਸ਼ਾਲ ਹਿਰਦੇ ਵਾਲਾ ਹੋਣ ਦੇ ਗੁਣ ਧਾਰਨ ਕਰਨੇ ਪੈਂਦੇ ਹਨ, ਜਿਸ ਵਿਚ ਦੂਜੇ ਨੂੰ ਬਰਦਾਸ਼ਤ ਕਰਨ ਦੀ ਸ਼ਕਤੀ ਹੋਵੇਗੀ ਉਸ ਵਿਚ ਹੀ ਮਾਫ ਕਰਨ ਦਾ ਗੁਣ ਹੋਵੇਗਾ। ਅਕਾਲ ਪੁਰਖ ਦੀ ਵਡਿਆਈ ਉਸ ਦੇ ਇੰਨ੍ਹਾਂ ਬਖ਼ਸ਼ੰਦ, ਕ੍ਰਿਪਾਲੂ, ਦਿਆਲੂ ਆਦਿ ਗੁਣਾਂ ਕਰਕੇ ਹੀ ਹੈ ਅਤੇ ਇਹ ਹੀ ਵਡਿਆਈ ਗੁਰੂ ਸਾਹਿਬਾਂ ਨੇ ਦੁਨੀਆਵੀ ਕੰਤਾਂ, ਪਤੀਆਂ ਨੂੰ ਦਿੱਤੀ ਹੈ ਪਰ ਇਸ ਵਡਿਆਈ ਤੇ ਵਿਰਲੇ ਹੀ ਪੂਰੇ ਉਤਰਦੇ ਹਨ। ਸਗੋਂ ਬਹੁਤੇ ਮਰਦ ਇਸਤ੍ਰੀ ਨੂੰ ਦਾਸੀ ਬਣਾ ਕੇ ਰਖਣ, ਜ਼ਲੀਲ ਕਰਨ ਵਿਚ ਆਪਣੀ ਸ੍ਰਦਾਰੀ ਸਮਝਦੇ ਹਨ। ਇਸੇ ਕਾਰਨ ਪਤਨੀ ਦੇ ਮਨ ਵਿਚੋਂ ਅਜਿਹੇ ਪਤੀ ਲਈ ਪਿਆਰ ਤੇ ਸ਼ਰਧਾ ਭਾਵ ਲੋਪ ਹੋ ਜਾਂਦੇ ਹਨ ਤੇ ਉਹ ਫਿਰ ਬਧਾ ਚੱਟੀ ਵਾਲੀ ਕਾਰ ਕਰਦੇ ਹੋਏ ਆਪਣੇ ਜੀਵਨ ਦੇ ਦਿਨ ਬਤੀਤ ਕਰਦੇ ਹਨ। ਇਸ ਦੇ ਉਲਟ ਜੋ ਇਸਤ੍ਰੀ ਮਰਦ ਗੁਰਬਾਣੀ ਵਿਚ ਦ੍ਰਿੜਾਏ ਨਿਯਮਾਂ ਅਨੁਸਾਰ ਚਲਦੇ ਹਨ, ਇਕ ਦੂਜੇ ਵਲ ਪ੍ਰਸਪਰ ਪਿਆਰ, ਮਾਣ, ਸਤਿਕਾਰ ਰਖਦੇ ਹੋਏ ਜੀਵਨ ਬਤੀਤ ਕਰਦੇ ਹਨ ਉਥੇ ਪ੍ਰਤਖ ਸਤਸੰਗ ਵਾਲਾ ਵਾਤਾਵਰਣ ਰਹਿੰਦਾ ਹੈ- ਏਕ ਸਿਖ ਦੁਇ ਸਾਧ ਸੰਗ ਵਾਲੀ ਕਾਰ ਨੂੰ ਨਿਬਾਹੁੰਦੇ ਹਨ। ਉਨ੍ਹਾਂ ਦਾ ਇਹ ਜੀਵਨ ਵੀ ਸਫਲ ਹੁੰਦਾ ਹੈ ਕਿਉਂ ਜੋ ਗੁਰਬਾਣੀ ਫੁਰਮਾਨ *'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ'* ਅਨੁਸਾਰ ਉਹ ਜੀਵਨ ਬਤੀਤ ਕਰਦੇ ਹਨ। ਅਤੇ ਆਉਣ ਵਾਲਾ ਦਰਗਾਹੀ ਜੀਵਨ ਵੀ ਸਫਲ ਕਰਦੇ ਹਨ ਕਿਉਂ ਕਿ ਉਹ ਇਕ ਦੂਜੇ ਦੇ ਗੁਣਾਂ ਦੇ ਸਾਂਝੀਵਾਲ ਹੁੰਦੇ ਹਨ, ਔਗੁਣਾਂ ਨੂੰ ਅਣਡਿਠਾ ਕਰਦੇ ਹਨ। ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ। ਇਸ ਤਰਾਂ ਉਹ ਦੂਜੇ ਦੇ ਗੁਣਾਂ ਕਰਕੇ ਉਸ ਦਾ ਸਤਿਕਾਰ ਕਰਦੇ ਹਨ। ਔਗੁਣ ਦੂਜੇ ਦੇ ਵੇਖਣ ਤੋਂ ਪਹਿਲਾਂ ਆਪਣੇ ਵੇਖਦੇ ਹਨ। ਇਸ ਤਰਾਂ


www.AKJ.Org

ਕਰਨ ਨਾਲ ਨਿਮਰਤਾ ਆਉਂਦੀ ਹੈ ਅਤੇ ਹੰਕਾਰ ਦੂਰ ਹੁੰਦਾ ਹੈ। ਦੂਜੇ ਦੇ ਗੁਣਾਂ ਦੀ ਕਦਰ ਕਰਨ ਕਰਕੇ ਨਫਰਤ ਖਤਮ ਹੁੰਦੀ ਹੈ- ਫਿਰ ਸਿਰਫ ਪਿਆਰ ਸਤਿਕਾਰ ਵਾਲੀ ਸਾਂਝ ਹੀ ਰਹਿ ਜਾਂਦੀ ਹੈ। ਇਸ ਤਰਾਂ ਦੇ ਜੀਵਨ ਵਾਲੇ ਗੁਰਸਿਖ ਬੇਸ਼ਕ ਬਹੁਤ ਵਿਰਲੇ ਹੁੰਦੇ ਹਨ ਪਰ ਉਨ੍ਹਾਂ ਦਾ ਜੀਵਨ ਆਦਰਸ਼ ਜੀਵਨ ਹੁੰਦਾ ਹੈ ਜੋ ਦੂਜਿਆਂ ਦੀ ਵੀ ਅਗਵਾਈ ਕਰਦਾ ਹੈ। ਅਜਿਹੇ ਗੁਰਮੁਖੀ ਜਿਊੜੇ ਗੁਰਮਤ ਦੀ ਕਸੌਟੀ

ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।।
ਏਕ ਜੋਤਿ ਦੁਇ ਮੂਰਤੀ ਧਨ ਪਿਰ ਕਹੀਐ ਸੋਇ।।

ਤੇ ਪੂਰੇ ਉਤਰਦੇ ਹਨ।

ਇਸ ਸਾਰੀ ਵਿਚਾਰ ਤੋਂ ਤੱਤ ਸਿਟਾ ਜੋ ਨਿਕਲਦਾ ਹੈ ਉਹ ਇਹ ਹੈ ਕਿ ਇਸਤ੍ਰੀ ਨਿਮਰਤਾ,ਪਿਆਰ, ਸੇਵਾ ਸ਼ਰਧਾ ਦੀ ਮੂਰਤ ਹੈ ਤੇ ਪਤੀ ਬਖ਼ਸ਼ੰਦ, ਕ੍ਰਿਪਾਲੂ, ਦਿਆਲੂ ਹੈ। ਜਦੋਂ ਉਹ ਇੰਨ੍ਹਾਂ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਦੇ ਹਨ ਤਾਂ ਉਹ ਗੁਰੂ ਸਾਹਿਬਾਂ ਦਾ ਦਸਿਆ ਏਕ ਜੋਤਿ ਦੁਇ ਮੂਰਤੀ ਵਾਲਾ ਆਦਰਸ਼ ਜੀਵਨ ਹੈ ਪਰ ਜੇ ਦੋਹਾਂ ਵਿਚੋਂ ਇਕ ਵੀ ਆਪਣੇ ਫਰਜਾਂ ਪ੍ਰਤੀ ਚੇਤੰਨ ਨਹੀਂ ਹੈ ਤਾਂ ਉਥੇ ਦੁਖਾਂਤ ਵਾਪਰਦਾ ਹੈ। ਲੋੜ ਇਸ ਗਲ ਦੀ ਹੈ ਕਿ ਪਤੀ ਜਿਸ ਤਰਾਂ ਪਤਨੀ ਤੋਂ ਗੁਰਬਾਣੀ ਦੇ ਅਨੁਸਾਰੀ ਹੋਣ ਦੀ ਮੰਗ ਕਰਦੇ ਹਨ ਉਸੇ ਤਰਾਂ ਆਪ ਵੀ ਗੁਰਬਾਣੀ ਦੇ ਅਨੁਸਾਰੀ ਹੋ ਕੇ ਚਲਣ ਕਿਉਂ ਕਿ ਅਜ ਇਸਤ੍ਰੀ ਵੀ ਗੁਰਬਾਣੀ ਪੜਦੀ ਹੈ। ਗੁਰੂ ਸਾਹਿਬਾਂ ਨੇ ਉਸ ਨੂੰ ਮਰਦ ਦੇ ਬਰਾਬਰ ਬਾਣੀ ਪੜਨ ਅਤੇ ਅੰਮ੍ਰਿਤ ਛਕਣ ਦਾ ਅਧਿਕਾਰ ਦਿੱਤਾ ਹੈ ਅਤੇ ਉਹ ਇਹ ਜਾਣਦੀ ਹੈ ਕਿ ਚੰਗੇ ਪਤੀ ਵਿਚ ਕੀ ਗੁਣ ਹੋਣੇ ਚਾਹੀਦੇ ਹਨ। ਇਸ ਤੋਂ ਉਲਟ ਬ੍ਰਾਹਮਣੀ ਸਮਾਜ ਵਿਚ ਇਸਤ੍ਰੀ ਨੂੰ ਹਰ ਤਰਾਂ ਦੇ ਗਿਆਨ ਤੋਂ ਵਾਂਝਾ ਰਖਿਆ ਜਾਂਦਾ ਸੀ। ਉਸ ਨੂੰ ਵੇਦ ਮੰਤਰ ਪੜਨ ਸੁਣਨ ਦੀ ਘੋਰ ਮਨਾਹੀ ਸੀ। ਜੇ ਇਸਤ੍ਰੀ ਗਲਤੀ ਨਾਲ ਵੀ ਇਹ ਮੰਤਰ ਸੁਣ ਲੈਂਦੀ ਸੀ ਤਾਂ ਉਸ ਦੇ ਕੰਨਾ ਵਿਚ ਸ਼ੀਸ਼ਾ ਪਿਘਲਾ ਕੇ ਪਾਇਆ ਜਾਂਦਾ ਸੀ। ਇਹ ਸਭ ਕੁਛ ਇਸ ਕਰਕੇ ਸੀ ਜੋ ਮਰਦ ਪ੍ਰਧਾਨ ਸਮਾਜ ਇਹ ਨਹੀਂ ਸੀ ਚਾਹੁੰਦਾ ਕਿ ਇਸਤ੍ਰੀ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋਵੇ। ਉਦੋਂ ਵੀ ਮੰਨੂੰ, ਜੋ ਇਸਤ੍ਰੀ ਦੇ ਸਖਤ ਖਿਲਾਫ ਸੀ, ਇਸਤ੍ਰੀ ਦੀ ਮੁਖ਼ਾਲਫਤ ਦੇ ਨਾਲ ਹੀ ਇਸਤ੍ਰੀ ਦੇ ਸਤਿਕਾਰ ਦੀ ਗੱਲ ਵੀ ਕਰਦਾ ਹੈ। ਮੰਨੂੰ ਲਿਖਦਾ ਹੈ ਕਿ ਜਿਥੇ ਇਸਤ੍ਰੀ ਦਾ ਸਤਿਕਾਰ ਹੈ ਉਥੇ ਦੇਵਤੇ ਪ੍ਰਸੰਨ ਹੁੰਦੇ ਹਨ। ਜਿਥੇ ਇਸਤ੍ਰੀ ਦਾ ਸਤਿਕਾਰ ਕਾਇਮ ਨਹੀਂ ਰਖਿਆ ਜਾਂਦਾ ਉਥੇ ਕੋਈ ਵੀ ਧਾਰਮਕ ਰੀਤੀ ਰਿਵਾਜ ਬੇ ਫਾਇਦਾ ਹਨ। ਇਸਤ੍ਰੀ ਸੁਭਾਵਕ ਹੀ ਕੋਮਲ ਅਤੇ ਕਮਜੋਰ ਹੁੰਦੀ ਹੈ। ਮਰਦ ਨੂੰ ਉਸ ਦਾ ਨਜਾਇਜ ਫਾਇਦਾ ਨਹੀਂ ਉਠਾਉਣਾ ਚਾਹੀਦਾ। ਇਸਤ੍ਰੀ ਦੇ ਇਸ ਸਤਿਕਾਰ ਵਾਲੇ ਪੱਖ ਨੂੰ ਜਗੀਰਦਾਰੀ ਸਮਾਜ ਪ੍ਰਬੰਧ ਵਿਚ ਮਰਦ ਪ੍ਰਧਾਨ ਸਮਾਜਕ ਢਾਂਚੇ ਨੇ ਜਾਣ ਬੁਝ ਕੇ ਨਜ਼ਰਅੰਦਾਜ਼ ਕੀਤਾ ਹੈ ਤੇ ਸਿਰਫ਼ ਉਸ ਦੇ ਮੂਰਖ, ਪਾਪਣ ਅਤੇ ਗੈਰਜ਼ਿੰਮੇਵਾਰ ਹੋਣ ਨੂੰ ਹੀ ਉਨ੍ਹਾਂ ਨੇ ਮੰਨਿਆ ਹੈ ਅਤੇ ਉਦੋਂ ਇਸਤ੍ਰੀ ਨੂੰ ਆਪਣੇ ਅੱਧਿਕਾਰ ਦਾ, ਸਤਿਕਾਰ ਕਰਾਉਣ ਦਾ ਪਤਾ ਨਹੀਂ ਸੀ ਕਿਉਂਕਿ ਉਹ ਗਿਆਨ ਤੋਂ ਵਿਰਲੀ ਸੀ। ਪਰ ਅਜ ਇਹ ਹਾਲਾਤ ਨਹੀਂ ਅਜ ਬਾਣੀ ਪੜਨ ਸੁਣਨ ਤੇ ਇਸਤ੍ਰੀ ਦੇ ਕੰਨਾ ਵਿਚ ਸ਼ੀਸ਼ਾ ਪਿਘਲਾ ਕੇ ਨਹੀਂ ਪਾਇਆ ਜਾਂਦਾ। ਇਸਤ੍ਰੀ ਆਪਣੇ ਫਰਜ ਪ੍ਰਤੀ ਚੇਤੰਨ ਹੈ ਪਰ ਹੁਣ ਉਹ ਮਰਦ ਕੋਲੋਂ ਵੀ ਮਿਠਬੋਲੜਾ, ਬਖ਼ਸ਼ੰਦ ਕ੍ਰਿਪਾਲੂ, ਦਿਆਲੂ ਹੋਣ ਦੀ ਮੰਗ ਕਰਦੀ ਹੈ। ਪਤਨੀ ਪਤੀ ਬ੍ਰਤ ਧਰਮ ਦੀ ਪਾਲਣਾ ਕਰਦਿਆਂ ਪਤੀ ਤੋਂ ਵੀ ਪਤਨੀ ਬ੍ਰਤ ਹੋਣ ਦੀ ਮੰਗ ਕਰਦੀ ਹੈ।

ਇਸ ਤਰਾਂ ਬਾਣੀ ਬੜੇ ਸੁਚਜੇ ਢੰਗ ਨਾਲ ਸਾਨੂੰ ਆਦਰਸ਼ ਜੀਵਨ ਜੀਊਣ ਦੀ ਅਗਵਾਈ ਦਿੰਦੀ ਹੈ ਤੇ ਇਹ ਦੋ ਰੂਹਾਂ ਦਾ ਮਿਲਣ ਸਦੀਵੀ ਹੈ ਮਿਲ ਕੇ ਪੂਰਨ ਹੋ ਜਾਂਦੀਆਂ ਹਨ-

ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ।।

■ ■ ■ ■ ■ ■

## ਅਖੰਡ ਕੀਰਤਨ

ਅਖੰਡ ਕੀਰਤਨ ਦਰਬਾਰ ਦੇ ਕਿਆ ਕਹਿਣੇ।
ਸਾਡੀ ਜਿੰਦ ਕੀਰਤਨ, ਸਾਡੀ ਜਾਨ ਕੀਰਤਨ।
ਇਸਨੂੰ ਸੁਣਦਿਆਂ ਹਉਮੈ ਹੰਕਾਰ ਨਸਣ,
ਐਸਾ ਬੰਦੇ ਨੂੰ ਕਰੇ ਨਿਰਬਾਣ ਕੀਰਤਨ।
ਬਾਣੀ ਗੁਰਾਂ ਦੀ ਇਕ ਰਸ ਅੱਜ ਸੁਣਕੇ,
ਚੌਣੀ ਕਰ ਰਿਹਾ ਏਥੋਂ ਦੀ ਸ਼ਾਨ ਕੀਰਤਨ।
ਗੁਰਾਂ ਤਦੇ ਇਹ ਮੁਖੋ ਫੁਰਮਾਨ ਕੀਤਾ,
ਕਲਜੁਗ ਵਿਚ ਹੈ ਸਦਾ ਪਰਧਾਨ ਕੀਰਤਨ।
ਉਸਨੂੰ ਆਤਮਿਕ ਮੌਤ ਨਹੀਂ ਮਾਰ ਸਕਦੀ,
ਸੁਣਿਆਂ ਜਿਹਨਾਂ ਨੇ ਲਾ ਕੇ ਧਿਆਨ ਕੀਰਤਨ।
ਉਸਦੀ ਜਮਾਂ ਕੀ ਪੁਛ ਪੜਤਾਲ ਕਰਨੀ,
ਕਰ ਦਿੱਤਾ ਹੈ ਜੀਹਦਾ ਕਲਿਆਣ ਕੀਰਤਨ।

(ਸ: ਅਨੂਪ ਸਿੰਘ ਜੀ 'ਸੁਲਤਾਨਪੁਰ ਲੋਧੀ)


www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

## ਨਦਰਿ

(ਲੜੀ ਜੋੜਨ ਲਈ ਦੇਖੋ ਸੂਰਾ ਨਵੰਬਰ ੯੭)

ਗੁਰਮਤਿ ਅੰਦਰਿ ਕੇਵਲ ਕਰਮਾਂ ਦੇ ਕਰਨ ਕਰਕੇ ਹੀ ਪਰਮ ਪਦ ਨੂੰ ਨਹੀਂ ਪੁਗ ਖਲੋਈਦਾ ਇਸ ਦੇ ਨਾਲਿ ਨਦਰਾਲੂ ਵਾਹਿਗੁਰੂ ਦੀ ਨਦਰਿ ਦੀ ਅਵਸ਼ ਲੋੜ ਹੈ। ਲਾਜ਼ਮੀ ਤੌਰ ਤੇ ਲੋੜ ਹੈ। ਐਥੋਂ ਤਾਈਂ ਕਿ ਵਾਹਿਗੁਰੂ ਦੇ ਫ਼ਜ਼ਲ ਨਾਲਿ ਗੁਰੂ ਕਰਤਾਰ ਦੀ ਰਹਿਮਤ ਦੁਆਰਾ ਪ੍ਰਾਪਤਿ ਹੋਏ ਨਾਮ ਦਾ ਅਭਿਆਸਤ ਕਰਮ ਅਰਥਾਤ ਅਭਿਆਸ ਕਮਾਈ ਵਾਲਾ ਸਭ ਤੋਂ ਸ੍ਰੇਸ਼ਟ ਅਤੇ ਸਰਬੋਤਮ ਕਰਮ ਭੀ ਓਦੋਂ ਤਾਈਂ ਤੋੜ ਨਹੀਂ ਨਿਭਦਾ ਜਦੋਂ ਤਾਈਂ ਨਾਲੋ ਨਾਲਿ ਨਦਰਾਲੂ ਦਾਤੇ ਦੀ ਨਦਰ ਉਤੇ ਟੇਵ ਟੇਕ ਨਾ ਰੱਖੀ ਜਾਵੇ। ਨਿਰੇ ਨਿਜ ਅਭਿਆਸ ਦੀ ਕਮਾਈ ਤੇ ਸ਼ਾਕਰ ਹੋਇਆਂ ਪ੍ਰੇਮ ਪਦ ਨੂੰ ਨਹੀਂ ਪੁਜੀਦਾ। ਧੁਰ ਦੀ ਮੰਜ਼ਲ ਤੇ ਤੋੜ ਪੁਜਣ ਲਈ ਪੈਰੋ ਪੈਰ ਕਰਮ ਫਲ ਪਰਦਾਤੇ ਨਦਰੀ ਵਾਹਿਗੁਰੂ ਦੀ ਨਦਰ ਉਤੇ ਡੋਰੀ ਰਖਣੀ ਪਰਮ ਲਾਜ਼ਮੀ ਹੈ।

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖ ਲਖ ਗੇੜਾ ਆਖੀਅਹਿ ਏਕੁ ਨਾਮ ਜਗਦੀਸ॥
ਏਤੁ ਰਾਹਿ ਪਤ ਪਵੜੀਆ ਚੜੀਐ ਹੋਇ ਇਕੀਸ॥
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥

(ਜਪੁਜੀ ਸਾਹਿਬ)

ਇਸ ਗੁਰਵਾਕ ਅੰਦਰਿ ਜਿਥੇ ਇਕੋ ਗੁਰਮਤਿ ਨਾਮ ਦੇ ਅੱਤੁਟ ਅਭਿਆਸ ਦੀ ਅਥਾਹ ਕਮਾਈ ਦਾ ਦ੍ਰਿੜ੍ਹਮਤਿ ਉਪਦੇਸ਼ ਉਪਦੇਸ਼ਿਆ ਹੋਇਆ ਹੈ ਤਿਥੇ ਇਹ ਭੀ ਨਾਲੇ ਹੀ ਨਿਰੂਪਨ ਕਰਾ ਦਿਤਾ ਗਿਆ ਹੈ ਕਿ ਭਾਵੇਂ ਕਿਤਨੀ ਹੀ ਅਥਾਹ ਕਮਾਈ ਕੀਤੀ ਜਾਵੇ ਨਦਰੀ ਵਾਹਿਗੁਰੂ ਦੀ ਨਦਰ ਮੇਹਰ ਬਿਨਾਂ ਥਾਂਇ ਨਹੀਂ ਪੈਂਦੀ। ਅਤੁਟ ਕਮਾਈ ਦੀ ਅਥਾਹ ਤਾਂ :- ਇਕ ਜੀਭ ਤੋਂ ਲੱਖ ਜੀਭਾਂ ਹੋਣ, ਲਖ ਜੀਭਾਂ ਤੋਂ ਭੀ ਬੀਸ ਲੱਖ ਜੀਭਾਂ ਹੋ ਜਾਣ। ਫੇਰ ਏਹਨਾਂ ਵੀਹ ਲੱਖ ਜੀਭਾਂ ਤੋਂ (ਹਰ ਇਕ ਜੀਭ ਤੋਂ) ਲੱਖ ਲੱਖ ਵਾਰ ਇਕ ਨਾਮੁ ਵਾਹਿਗੁਰੂ ਦਾ ਲਗਾਤਾਰ ਜਪਿਆ ਜਾਵੇ। ਲੱਖਾਂ ਜੀਭਾਂ ਲਖ ਬੀਸ (ਵੀਹ ਲੱਖ) ਹੋ ਕੇ ਲੱਖ ਲੱਖ ਵਾਰ ਵਾਹਿਗੁਰੂ ਦੇ ਨਾਮ ਜਪਣ ਦੀ ਅਤੁਟ ਅਤੇ ਅੱਥਕ ਅਭਿਆਸ ਕਮਾਈ ਕਰਨ ਪਰ ਕਮਾਈ ਕਰਦੇ ਹੋਏ ਨਦਰੀ ਵਾਹਿਗੁਰੂ ਦੀ ਨਦਰ ਮੇਹਰ ਉਤੇ ਡੋਰੀ ਅਭਿਆਸੀ ਜਨ ਦੀ ਹੋਵੇ। ਕੇਵਲ ਏਹੋ ਗੱਲ ਹੈ, ਏਸੇ ਰਾਹ ਮਾਰਗ ਤੇ ਚਲ ਕੇ ਹੀ ਪਤੀ ਪਰਮੇਸਰ ਦੀ ਪਰਤਿਸਟਤ ਪਉੜੀਆਂ ਦੇ ਸਿਖਰਲੇ ਡੰਡੇ ਤੇ ਜਾ ਚੜ੍ਹੀਦਾ ਹੈ। ਏਸੇ ਗੁਰਮਤਿ ਪ੍ਰੇਮਾ ਪਗਤੀ ਬਿਨਾਂ ਹੋਰ ਕੋਈ ਰਾਹ ਵਸੀਲਾ ਪਰਮਾਤਮਾ ਨੂੰ ਪਾਉਣ (ਮਿਲਣ) ਦਾ ਨਹੀਂ। ਐਵੇਂ ਭਾਵੇਂ ਕੋਈ ਕਿਵੇਂ ਗੁਰਮੁਖ ਭਗਤ ਜਨਾਂ ਦੀ ਰੀਸ ਕਰਨ ਦੀਆਂ ਡੀਗਾਂ ਮਾਰਦਾ ਫਿਰੇ। ਇਹ ਰੀਸ ਅਜੇ ਹੀ ਹੈ ਜਿਵੇਂ ਕੀੜਿਆਂ ਪਤੰਗਿਆਂ ਦੀ ਅਕਾਸ ਦੀਆਂ ਉਚਾਈਆਂ ਤੇ ਉਡਣ ਵਾਲੇ ਅਨਲ ਪੰਛੀ ਦੀ ਰੀਸ ਹੋਵੇ। ਤਿਵੇਂ ਹੀ ਨੀਚਾਂ ਨੀਚ ਕਰਮੀਆਂ, ਅਹੰਮਤ ਮਤਿ ਕਰਨ ਹਾਰਿਆਂ ਦੀ ਕੂੜਾਈ ਰੀਸ ਹੈ, ਧੁਰਿ ਪੁਗਣ ਵਾਲੇ ਨਦਰਿਸ਼ਟੇ ਗੁਰਮੁਖ ਜਨਾਂ ਦੀ ਬਰਾਬਰੀ ਕਰਨ ਦੀ। ਓਹ ਕਦੇ ਓਹਨਾਂ ਦੀ ਬਰਾਬਰੀ ਨਹੀਂ ਕਰ ਸਕਦੇ। ਵਾਹਿਗੁਰੂ ਨੂੰ ਤਾਂ ਉਸ ਦੀ ਨਦਰ ਮੇਹਰ ਨਾਲ ਹੀ ਪਾਈਦਾ ਹੈ। ਜਿਨਾਂ ਗੁਰਮੁਖਾਂ ਉਤੇ ਨਦਰਾਲੂ ਦੀ ਨਦਰ ਹੋਈ ਹੈ ਓਹੀ ਪਰਮਾਤਮ ਪ੍ਰਾਪਤੀ ਦੇ ਪਾਤਰ ਹਨ। ਪਹਿਲਾਂ ਤਾਂ ਗੁਰਮਤਿ ਨਾਮ ਦੀ ਪ੍ਰਾਪਤੀ ਹੀ ਨਦਰਾਂ ਮੇਹਰਾਂ ਨਾਲਿ ਹੁੰਦੀ ਹੈ ਫੇਰ ਜੇਹੜੇ ਗੁਰਮੁਖ ਜਨ ਵਾਹਿਗੁਰੂ ਨਾਮ ਦੇ ਅਨਿੰਨ ਅਭਿਆਸੀ ਹਨ ਉਨ੍ਹਾਂ ਦਾ ਅਨਿੰਨ ਅਭਿਆਸ ਕਰਮ ਹੀ ਵਾਹਿਗੁਰੂ ਨਦਰਾਲੂ ਦੀ ਤੁੱਠੀ ਨਦਰ ਨਦਰਾਵਨ ਦਾ ਕਾਰਨ ਬਣਦਾ ਹੈ। ਤਾਂ ਤੇ ਉਸ ਦੀਆਂ ਨਦਰਾਂ ਦੁਆਰਾ ਹੀ ਨਦਰ ਕਰੰਮੀ ਦ੍ਰਿਸ਼ਟ ਕਿਸਮਤਾਂ ਦੁਆਰਾ ਹੀ ਉਸ ਨੂੰ ਪਾਈਦਾ ਹੈ। ਕੂੜੀਆਂ ਰੀਸ ਡੀਗਾਂ ਮਾਰਨ ਹਾਰੇ ਦੀ ਕੂੜੀ ਹੀ ਠੀਸ ਡੀਂਗ ਗਪੀਸ ਹੈ। ਕੂੜੀਆਂ ਗੱਪਾਂ ਮਾਰਿਆਂ ਕੀ ਬਣਦਾ ਹੈ। ਗਪ-ਠੀਸ ਤਾਂ ਨਿਰੀ ਰੀਸ ਠਗੀਸ ਹੀ ਹੈ। ਪ੍ਰੀਤਮ ਦੀ ਦਰਗਾਹ ਵਿਚਿ ਪਤਿ ਪਰਤਿਸਟਾ ਸੇਤੀ ਪੈਧੇ ਜਾਣ ਦਾ ਸਿਰੋਪਾਉ ਰੂਪੀ ਕਪੜਾ ਉਪਰ ਦਰਸਾਈ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਗੁਰਮਤਿ ਸਚੜੇ ਕਰਮ ਕੀਤਿਆਂ ਹੀ ਮਿਲਦਾ ਹੈ। ਇਤ ਬਿਧਿ ਹੀ ਇਸ ਅਧਿਆਤਮ ਕਰਮ ਕਰਨ ਹਾਰੇ ਤੇ ਨਦਰਾਲੂ ਦੀ ਨਦਰ ਮੇਹਰ ਹੁੰਦੀ ਹੈ ਅਤੇ ਉਸ ਦੀਆਂ ਨਦਰਾਂ ਨਾਲਿ ਹੀ ਨਦਰ ਕਰੰਮੀ ਨੂੰ ਮੋਖ ਦੁਆਰਾ ਮਿਲਦਾ ਹੈ।

"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ॥"

ਅੰਮ੍ਰਿਤ ਵੇਲੇ ਦੇ ਸਚੁ ਨਾਮੁ ਰੂਪੀ ਵਡਿਆਈ ਦੇ ਅਭਿਆਸ ਕਮਾਈ ਰੂਪੀ ਬੀਚਾਰਨੇ ਕਰਮ ਹੀ ਅਭਿਆਸੀ ਜਨ ਨੂੰ ਵਾਹਿਗੁਰੂ ਦੀ ਨਦਰ ਦਾ ਪਾਤਰ ਬਣਾਉਂਦੇ ਹਨ। ਜਿਸ ਤੋਂ ਉਸ ਨੂੰ ਮੋਖ ਦੁਆਰ ਮਿਲਦਾ ਹੈ ਹਰਿ ਜਸ ਸਿਫਤਿ ਸਾਲਾਹ ਨੂੰ ਛਡ ਕੇ ਫੋਕੀ ਅਪਣੀ ਵਡਿਆਈ



www.AKJ.Org

ਦਾ ਜਸ ਕਰਾਉਣ ਹਾਰਿਆਂ, ਅਪਣੇ ਆਪ ਨੂੰ ਚੰਗਾ ਅਖਾਉਣ ਹਾਰਿਆਂ, ਚੰਗਾ ਨਾਉਂ ਧਰਾਉਣ ਹਾਰਿਆਂ ਉਤੇ ਨਦਰ ਨਹੀਂ ਹੁੰਦੀ। ਅਤੇ ਨਦਰ ਬਿਨਾ ਓਹਨਾਂ ਦੀ ਬਾਤ ਕੋਈ ਨਹੀਂ ਪੁਛਦਾ। ਨਾ ਏਥੇ ਨਾ ਓਥੇ। ਨਾ ਇਸ ਲੋਕ ਵਿਖੇ ਨਾ ਪਰਲੋਕ ਵਿਖੇ। ਤਾਂਤੇ ਨਦਰ ਕਰੰਮੀ ਕਰਮਾਂ ਤੋਂ ਬਿਨਾਂ ਹੋਰ ਸਭ ਅਹੰਮਤੀ ਕਰਮ ਕਰਨੇ ਸਭ ਫੋਕਟ ਹਨ। ਚਾਹੇ ਓਹਨਾਂ ਅਹੰਮਤੀ ਕਰਮਾਂ ਨੂੰ ਚੌਹਾਂ ਜੁਗਾਂ ਦੀ ਆਰਜਾ ਉਮਰ ਵਾਲਾ ਹੋ ਕੇ ਏਦੂੰ ਭੀ ਦਸ ਗੁਣੀ ਵਡੀ ਆਰਜਾ ਵਾਲਾ ਹੋ ਕੇ ਜਸੁ ਖਟਣ ਲਈ ਕਰੇ। ਐਹੋ ਜਿਹਾ ਜਸੁ ਕਿ ਨਵਾਂ ਖੰਡਾਂ ਵਿਚਿ ਉਸਦੀ ਵਡਿਆਈ ਉੱਘੀ ਹੋ ਜਾਵੇ ਅਤੇ ਇਸ ਵਡਿਆਈ ਦੇ ਕਾਰਨ ਉਹ ਭੀ ਨਵਾਂ ਖੰਡਾਂ ਵਿਚਿ ਉੱਘਾ ਹੋ ਜਾਵੇ। ਅਤੇ ਜਿਥੋਂ ਦੀ ਉਹ ਲੰਘੇ ਹਰ ਕੋਈ ਉਸ ਦਾ ਉਸਤਤ ਕਰਨ ਹਾਰ ਹੋ ਕੇ ਉਸ ਦੇ ਨਾਲਿ ਤੁਰ ਪਵੇ। ਪਿਛਲੱਗ ਹੋ ਕੇ ਉਠ ਤੁਰੇ, ਕੁਲਹਾ ਦੇਣ ਹਾਰਾ ਹੋ ਕੇ। ਤਾਂ ਭੀ ਜੇ ਉਹ ਉਸ ਵਾਹਿਗੁਰੂ ਦੀਆਂ ਨਦਰਾਂ ਮੇਹਰਾਂ ਦਾ ਪਾਤਰ ਨਹੀਂ ਬਣੇਗਾ ਉਸ ਦੀ ਅਗੇ ਗਇਆਂ ਕੋਈ ਬਾਤ ਭੀ ਨਹੀਂ ਪੁਛੇਗਾ। ਸਗੋਂ ਉਹ ਅਹੰਮਤਿ ਕਰਮਾਂ ਦਾ ਕਰਨਹਾਰਾ ਹੋਣ ਕਰਿ ਦੋਸ਼ੀ ਗਰਦਾਨਿਆ ਜਾਵੇਗਾ, ਐਸਾ ਦੋਸ਼ੀ ਜੋ ਇਸ ਦੋਸ਼ ਦੇ ਕਾਰਨ ਕੀੜਿਆਂ ਵਿਚੋਂ ਭੀ ਮਹਾਂ ਮਾੜਾ ਕੀੜਾ ਬਣੇਗਾ। ਜਿਸ ਨੂੰ ਦੋਸ਼ੀ ਮਹਾਂ ਦੋਸ਼ੀ ਭੀ ਕਿਰਮ ਜੰਤੀ ਕਿਰਮਾਂ ਕੀੜਿਆਂ ਵਾਲਾ ਕੁੱਤਾ ਹੋਣ ਦਾ ਦੋਸ਼ ਥਪਦੇ ਹਨ। ਅਰਥਾਤ ਨਾਮ ਤੋਂ ਬੇਮੁਖ ਕਰਮ ਅਭਿਮਾਨੀਆਂ ਦੀ ਕਿਰਮਾਂ (ਕੀੜਿਆਂ) ਵਾਲਸ ਕੁੱਤੇ ਵਾਲੀ ਦੁਰਦਸ਼ਾ ਹੋਵੇਗੀ। ਨਾਮ ਤੋਂ ਬੇਮੁਖ ਹੋ ਕੇ ਆਰਜਾ (ਉਮਰਾ) ਵਧਾਉਣ ਅਤੇ ਜਗਤ ਸੰਸਾਰ ਦੀ ਜਸ-ਸੋਭਾ ਲੈਣ ਵਾਲੇ ਮਨਮੁਖੀ ਜਸ ਕਰਮ ਹੰਕਾਰੀ ਪੁਰਸ਼ ਨੂੰ ਦਰਗਾਹੇ ਢੋਈ ਮਿਲਣੀ ਤਾਂ ਕਿਤੇ ਰਹੀ ਉਸ ਨੂੰ ਕੀੜਿਆਂ ਵਿਚੋਂ ਭੀ ਨਿਖਿਧ ਕੀੜਾ ਬਿਸਟਾ ਦਾ ਕੀੜਾ ਕਿਰਮ ਜੰਤੀ ਕੀੜਾ ਬਣਨਾ ਪਵੇਗਾ। ਯਥਾ ਵਾਕ ਸਿਰੀ ਜਪੁਜੀ ਸਾਹਿਬ :-

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ।।
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭ ਕੋਇ।।
ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ।।
ਜੇ ਤਿਸੁ ਨਦਰਿ ਨ ਆਵਈ ਤਾ ਵਾਤ ਨ ਪੁਛੈ ਕੇ।।
ਕੀਟਾ ਅੰਦਰਿ ਕੀਟ ਕਰਿ ਦੋਸੀ ਦੋਸ ਧਰੇ।।

ਜਿਸ ਸੱਚੀ ਦਰਗਾਹ ਵਿਖੇ ਸੱਚੀਆਂ ਵਡਿਆਈਆਂ ਮਿਲਦੀਆਂ ਹਨ ਅਤੇ ਪੁਜ ਪੁੱਗ ਕੇ ਸਦ ਖੁਸ਼ੀਆਂ ਦੇ ਆਤਮ ਅਹਿਲਾਦੀ ਖੁਸ਼ੀਆਂ ਦੇ ਸਦੀਵੀ ਡੰਕੇ ਵਜਦੇ ਰਹਿੰਦੇ ਹਨ ਅਤੇ ਸਦੀਵੀ ਚਾਉ ਉਮਾਹੁ ਭਰੀਆਂ ਨੌਬਤਾਂ ਬਜਦੀਆਂ ਰਹਿੰਦੀਆਂ ਹਨ, ਤਿਥੇ ਤਿਨ੍ਹਾਂ ਪੁਗ ਖਲੋਤੇ ਗੁਰਮੁਖ ਜਨਾਂ ਦੇ ਮੁਖ ਮਸਤਕ ਉਤੇ ਸੁਰਖਰੂਈ ਦੀ ਥਿਜੇ ਨੀਸਾਨੀ ਟਿੱਕੇ ਨਿਕਲਦੇ ਹਨ, ਜਿਨ੍ਹਾਂ ਨੇ ਇਸ ਮਾਤ ਲੋਕ ਵਿਖੇ ਰਹਿ ਕੇ ਸਾਰੀ ਆਯੂ ਪ੍ਰਯੰਤ ਸੱਚੇ ਨਾਮ ਦੀਆਂ ਕਮਾਈਆਂ ਕਰ ਕੇ ਹਰ ਛਿਨ ਨਾਮ ਅਤੇ ਨਾਮੀ ਵਾਹਿਗੁਰੂ ਨੂੰ ਮਨਿ ਵਿਚਿ ਅੰਤਰ ਆਤਮੇ ਵਸਾਇਆ ਹੈ, ਕਦੇ ਨਹੀਂ ਵਿਸਾਰਿਆ, ਇਹ ਸਚਾ ਮਰਤਬਾ ਵਾਹਿਗੁਰੂ ਨਦਰਾਂ ਵਾਲੇ ਦੀ ਕਿਰਪਾ ਕਰਮ ਦੁਆਰਾ ਨਦਰ ਕਰ ਕੇ ਹੀ ਮਿਲਦਾ ਹੈ। ਅਤੇ ਨਦਰ ਕਰੰਮੀ ਨਾਮ ਦੀ ਕਮਾਈ ਦੇ ਪਰਤਾਪ ਨਾਲਿ ਮਿਲਦਾ ਹੈ ਨਹੀਂ ਤਾਂ ਹੋਰ ਸਾਰੀਆਂ ਗੱਲਾਂ ਕਰਮਾਂ ਦੇ ਕਮਾਵਨ ਹਾਰਿਆਂ ਦੀਆਂ ਅਤੇ ਮਾਇਕ ਪਦਾਰਥੀ ਕਰਮਾਂ ਦੇ ਕਰਨ ਦੀਆਂ ਸਭ ਬੇਅਰਥ ਅਤੇ ਦੂਜੇ ਭਾਵ ਦੀਆਂ ਫਾਦਲ ਬਾਦ ਫਜ਼ੂਲ ਗਲਾਂ ਹੀ ਹਨ। ਯਥਾ ਗੁਰਵਾਕ :-

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ।।
ਤਿਨ ਮੁਖ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ।।
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ।।
(ਸਿਰੀ ਰਾਗ ਮਹਲਾ ੧)

ਇਸ ਵਾਉ ਦੁਆਉ ਵਾਲੀ ਦੁਤੀਏ ਭਾਵ ਦੀ ਕਾਰ ਵਿਚਿ ਲਗ ਕੇ ਜੇਹੜੇ ਮਨਮੁਖ ਮੂੜੇ ਪੁਰਸ਼ ਨਾਮ ਨੂੰ ਵਿਸਾਰ ਦਿੰਦੇ ਹਨ :ਓਹ ਦੁਬਿਧਾ ਵਿਚਿ ਸਾਰੀ ਉਮਰ ਗੁਸੇ ਹੋਏ ਰਚ ਪਚ ਕੇ ਮਨੂਰ ਹੋਏ ਵੇ ਹੀ ਮਰ ਜਾਂਦੇ ਹਨ। ਓਹਨਾਂ ਦੇ ਅੰਤਰਲੀ ਤ੍ਰਿਸਨਾ ਅਗਨੀ ਨਹੀਂ ਬੁਝਦੀ। ਸਾਰੀ ਲੋਕਾਈ ਹੀ ਇਸ ਤ੍ਰਿਸਨਾ ਦੀ ਦੱਬੀ ਹੋਈ ਹੈ। ਮਾਇਆ ਮਮਤਾ ਮੋਹਣੀ ਦੀ ਅਤੇ ਹਉਮੈ ਅਹੰਕਾਰ ਦੀ ਹੀ ਮੁਠੀ ਹੋਈ ਹੈ। ਏਥੋਂ ਜਿਨਾ ਨੂੰ ਸਤਿਗੁਰੂ ਦਇਆਲ ਹੀ ਅਪਣੀ ਦਇਆ ਨਦਰ ਕਰਿ ਰਖੇ ਸੋਈ ਉਭਰਦੇ ਹਨ। ਨਹੀਂ ਤਾਂ ਸਭ ਲੋਕੀ ਮਾਇਆ ਦੇ ਧੰਦਿਆਂ ਦੀ ਹੀ ਠੱਗੀ ਹੋਈ ਹੈ। ਸਤਿਗੁਰੂ ਜਿਨਾਂ ਨੂੰ ਸਿਫਤਿ ਸਾਲਾਹ ਰੂਪੀ ਗੁਣ ਸਾਰ (ਸਾਰ ਗੁਣ) ਬਖਸ਼ਦਾ ਹੈ ਅਤੇ ਜਿਨਾ ਨੂੰ ਨਾਮਜਪਾਉਂਦਾ ਹੈ ਸੋਈ ਇਸ ਤ੍ਰਿਸਨਾ ਦੁਬਿਧਾ ਮਮਤਾ ਮਈ ਅਗਨੀ ਤੋਂ ਬਚਦੇ ਹਨ। ਓਹਨਾਂ ਦੀ ਸੰਸਾਰੀ ਵਿਸ਼ੇ ਪ੍ਰਤਿ ਮਈ ਮਮਤਾ ਭੀ ਮਰ ਜਾਂਦੀ ਹੈ। ਓਹਨਾਂ ਦਾ ਮੋਹ ਮਈ ਪਿਆਰ ਭੀ ਮਰ ਜਾਂਦਾ ਹੈ। ਓਹਨਾਂ ਦੇ ਅੰਦਰੋਂ


www.AKJ.Org

ਵੈਰ ਵਿਰੋਧ ਭੀ ਚਲਿਆ ਜਾਂਦਾ ਹੈ। ਓਹਨਾਂ ਦੀ ਧੰਦੇ ਧਾਵਨੀ ਰੁਚੀ ਭੀ ਮੁਕ ਚੁਕ ਜਾਂਦੀ ਹੈ। ਹਉਮੈ ਭੀ ਓਹਨਾਂ ਦੀ ਮਰ ਜਾਂਦੀ ਹੈ। ਮਾਇਆਵੀ ਮਮਤਾ ਭਰਿਆ ਕ੍ਰੋਧ ਜੁੱਸਾ ਭੀ ਖਤਮ ਹੋ ਜਾਂਦਾ ਹੈ। ਇਹ ਸਭ ਕੁਛ ਸੱਚੇ ਨਾਮ ਦੇ ਪਰਤਾਪ ਕਰ ਕੇ ਹੀ ਅਤੇ ਸਚ ਰੂਪੀ ਨਾਮ ਦੀਆਂ ਅਤੁੱਟ ਕਮਾਈਆਂ ਕਰ ਕੇ ਹੀ ਨਾਮ ਨਿਸਤਾਰੀ ਵਰਤਾਰਾ ਵਰਤਦਾ ਹੈ। ਪ੍ਰੰਤੂ ਇਹ ਸੱਚਾ ਨਾਮ ਗੁਰੂ ਕਰਤਾਰ ਦੀ ਨਦਰ ਕਰਕੇ ਕਰਮੀ ਹੀ ਮਿਲਦਾ ਹੈ। ਨਾਮ ਕਮਾਈ ਭੀ ਕਰਮੀ ਹੀ ਪ੍ਰਾਪਤਿ ਹੁੰਦੀ ਹੈ ਅਤੇ ਗੁਰਮੁਖਾਂ ਨੂੰ ਹੀ ਪ੍ਰਾਪਤਿ ਹੁੰਦੀ ਹੈ। ਕਿਉਂਕਿ ਗੁਰਮੁਖਾਂ ਦੀ ਬਿਰਤੀ ਸਦਾ ਹੀ ਦੁਤੀਏ ਭਾਵ ਤੋਂ ਨਿਰਲੇਪ ਅਤੇ ਨਿਰਵਿਰਤ ਰਹਿੰਦੀ ਹੈ। ਪਰਵਿਰਤੀ ਵਿਚਿ ਨਹੀਂ ਪੈਂਦੀ। ਗੁਰਮੁਖਾਂ ਦੀ ਇਹ ਸੱਚੀ ਨਿਰੋਧਤਾ ਹੈ। ਨਾਮ ਅਭਿਆਸ ਕਮਾਈ ਰੂਪੀ ਗੁਰਮੁਖਾਂ ਦੀ ਜੇਹੜੀ ਸਚੀ ਕਾਰ ਹੈ ਉਸ ਦੀ ਨਾਮ ਵਲ ਬ੍ਰਿਤਕੀ ਬਰਕਤ ਨਾਲਿ ਹੀ ਸੱਚਾ ਵਾਹਿਗੁਰੂ ਮਿਲਦਾ ਹੈ। ਕੇਵਲ ਗੁਰਮਤਿ ਉਤੇ ਚਲਿਆਂ ਹੀ ਸਤਿ ਪਦਾਰਥ ਨਾਮੁ ਅਤੇ ਨਾਮੀ ਸਤਿ ਪੁਰਖ ਅਕਾਲੁ ਹਥਿ ਆਉਂਦਾ ਹੈ। ਪਰਾਲਬਧੀ ਪਲੜੇ ਵਿਚਿ ਪੈਂਦਾ ਹੈ। ਜਿਸ ਦੇ ਪੱਲੇ ਇਹ ਸਤਿ ਪਦਾਰਥ ਅਤੇ ਸਤਿ ਪੁਰਖ ਪਇਆ ਹੈ, ਉਹ ਨਰ ਨਾ ਫਿਰ ਜੰਮਦਾ ਹੈ ਨਾ ਮਰਦਾ ਹੈ। ਉਸ ਦਾ ਆਵਾਗਵਣ ਮਿਟ ਜਾਂਦਾ ਹੈ। ਉਸ ਨੂੰ ਵਾਹਿਗੁਰੂ ਦੇ ਦਰ ਤੇ ਪੁਜਿਆਂ ਅਤੇ ਪੁਗ ਖਲੋਇਆਂ ਦੀ ਪੰਚ ਪਰਵਾਨ ਪੰਚ ਪਰਧਾਨ ਵਾਲੀ ਪਦਵੀ ਮਿਲਦੀ ਹੈ। ਉਹ ਸਚੀ ਦਰਗਾਹੇ ਸਚੇ ਸਿਰੋਪਾਉ ਸੇਤੀ ਪੈਧਾ ਜਾਂਦਾ ਹੈ। ਇਹ ਨਦਰ ਕਰੰਮੀ ਖੇਡ ਹੈ। ਯਥਾ ਗੁਰਵਾਕ :-

ਮੂੜੇ ਰਾਮ ਜਪਹੁ ਗੁਣ ਸਾਰਿ॥
ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥੧॥ਰਹਾਉ॥
ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ॥
ਗੁਰਿ ਰਾਖੇ ਸਿ ਉਬਰੇ ਹੋਰਿ ਮੁਠੀ ਧੰਧੈ ਠਗਿ॥੨॥
ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰ ਵਿਰੋਧੁ॥
ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧ॥
ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ॥੩॥
ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ॥
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ॥੪॥੧੪॥
(ਸਿਰੀ ਰਾਗ ਮਹਲਾ ੧)

ਦਰਗਹਿ ਪੈਧੇ ਜਾਣ ਵਾਲੀ ਖੇਡ ਸੱਚ ਮੁੱਚ ਨਦਰ ਕਰੰਮੀ ਖੇਡ ਹੈ। ਨਹੀਂ ਤਾਂ ਜੇਤੀ ਆਵਣ ਜਾਣੀ ਸ੍ਰਿਸ਼ਟੀ ਹੈ ਆਪੋ ਅਪਣੀ ਮਤਿ ਅਤੇ ਆਪੋ ਅਪਣੇ ਮਤੇ ਅਨੁਸਾਰ ਮਤਿ ਮਤਾਂਤਰੀ ਬੁੱਧੀ ਅਨੁਸਾਰ ਸਭ ਕੋਈ ਆਪਣੇ ਜਾਣੇ ਨਾਮੁ ਜਪਦਾ ਹੈ। ਪਰ ਸਭ ਵਖੋ ਵਖਰੇ ਕਿਰਤਮ ਨਾਮ ਲੈਂਦੇ ਹਨ। ਪਰ ਗੁਰਮਖਿ ਨਾਮੁ ਸੋਈ ਬੁਝਦਾ ਹੈ ਜੋ ਵਾਹਿਗੁਰੂ ਨੂੰ ਭਾਵੰਦਾ ਹੈ। ਜਿਸ ਉਪਰਿ ਗੁਰੂ ਕਰਤਾਰ ਦੀ ਨਦਰ ਮੇਹਰ ਹੁੰਦੀ ਹੈ। ਹੋਰ ਮਨਮੁਖ ਇਆਣੀ ਲੁਕਾਈ ਸਭ ਭਰਮਿ ਭੁਲਾਈ ਹੀ ਫਿਰਦੀ ਹੈ। ਕਿਰਤਮ ਨਾਮ ਲਇਆਂ ਕਿਸੇ ਦੀ ਪੂਰੀ ਨਹੀਂ ਪੈਂਦੀ। ਉਹ ਨਾਮ ਦੀ ਅਸਲ ਜਪਣੀ ਵਾਲਾ ਨਾਮ ਜਪ ਹੀ ਨਹੀਂ ਸਕਦੇ। ਜਿਸ ਨੂੰ ਨਦਰਾਲੂ ਕਰਤੇ ਪੁਰਖ ਦੀ ਨਦਰਿ ਮੇਹਰ ਹੁੰਦੀ ਹੈ ਸੋਈ ਸਤਿਨਾਮ (ਗੁਰਮਤਿ ਨਾਮ) ਦੀ ਸਚਾਈ ਤੇ ਆਉਂਦਾ ਹੈ। ਤਿਸੇ ਨੂੰ ਗੁਰਮਤਿ ਨਾਮ ਗੁਰਦੀਖਣੀ ਗੁਰਮੰਤਰ ਸਚੜਾ ਪ੍ਰਾਪਤਿ ਹੁੰਦਾ ਹੈ। ਬਸ, ਸੋਈ ਨਦਰਵੰਤੇ ਸਚੜਾ ਨਾਮ ਜਪ ਜਪ ਕੇ ਅਤੇ ਸਚੀਆਂ ਨਾਮ ਅਭਿਆਸ ਕਮਾਈਆਂ ਕਰਿ ਕਰਿ ਕੇ ਸਚੇ ਵਾਹਿਗੁਰੂ ਦੇ ਸਚੇ ਸਰੂਪ ਵਿਚਿ ਸਮਾਉਂਦੇ ਹਨ। ਯਥਾ ਗੁਰਵਾਕ :-

ਤੂੰ ਕਰਤਾ ਕੀਆ ਸਭ ਤੇਰਾ ਕਿਆ ਕੋ ਕਰੇ ਪਰਾਣੀ॥
ਜਾਕਉ ਨਦਰਿ ਕਰਹਿ ਤੂ ਅਪਣੀ ਸਾਈ ਸਚਿ ਸਮਾਣੀ॥੪॥
ਨਾਮ ਤੇਰਾ ਸਭ ਕੋਈ ਲੇਤ ਹੈ ਜੇਤੀ ਆਵਣ ਜਾਣੀ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੁਝੈ ਹੋਰ ਮਨਮੁਖਿ ਫਿਰੈ ਇਆਣੀ॥
(ਆਸਾ ਮਹਲਾ ੩)

ਵਾਹਿਗੁਰੂ ਦੇ ਨਦਰ ਭਾਉਣ ਵਾਲੇ ਨਦਰਵੰਤੇ ਹੀ ਗੁਰੂ ਘਰ ਵਿਖੇ ਆ ਕੇ ਪ੍ਰਵੇਸ਼ ਹੁੰਦੇ ਹਨ। ਸੋਈ ਦਰਿ ਦਰਵੇਸ਼ ਭਗਤ ਐਥੇ ਇਸ ਲੋਕ ਵਿਖੇ ਕੀਰਤਨ ਗਾਂਵਦੇ ਹੋਏ ਇਕ ਪਰਕਾਰ ਦੀ ਦਰ ਦਰਗਾਹੀ ਹਜ਼ੂਰੀ ਭਰਦੇ ਹਨ। ਹਜ਼ੂਰੀ ਵਿਚਿ ਬੈਠੇ ਹੋਏ ਕੀਰਤਨ ਗਾਂਵਦੇ ਸੋਹੰਦੇ ਹਨ। ਏਹ ਬੜੇ ਕਰਮਵੰਤੇ ਨਦਰਵੰਤੇ ਹਨ ਜੋ ਕਰਮਾ ਬਾਹਿਰੇ ਵਾਹਿਗੁਰੂ ਦੀਆਂ ਨਦਰਾਂ ਉਰਾਹਰੇ ਹਨ। ਓਹਨਾਂ ਨੂੰ ਨ ਏਥੇ ਇਸ ਲੋਕ ਵਿਖੇ ਢੋਈ ਮਿਲਦੀ ਹੈ ਨ ਅਗੇ ਗਇਆਂ ਸਚੀ ਦਰਗਾਹ ਵਿਚਿ ਢੋਈ ਲਹਿਣੀ ਪਾਉਂਦੇ ਹਨ। ਐਵੇਂ ਧਾਵੰਦੇ ਫਿਰਦੇ ਹਨ ਜੂਨੀਆਂ ਵਿਚਿ ਧੱਕੇ ਖਾਵੰਦੇ। ਇਹ ਸੱਚੀ ਨਦਰਿ ਬਿਹੂਣਿਆਂ ਦੇ ਲੱਛਣ ਹਨ।

ਭਗਤ ਤੇਰੇ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵੰਦੇ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵੰਦੇ॥

ਨਿਰੀ ਕਥਨੀ ਬਦਨੀ ਕਰ ਕੇ ਖਰੜ ਗਿਆਨ ਕਥਨੀ ਬਦਨੀ ਵਾਲੇ ਗਿਆਨ ਘੋਖਿਆਂ ਵਾਹਿਗੁਰੂ ਪਰਮਾਤਮਾ ਨਹੀਂ



www.AKJ.Org

ਪਾਇਆ ਜਾ ਸਕਦਾ। ਗੁਰਮਤਿ ਮਤਿ ਸਚੜੀ ਮਤਿ ਆਵੇ ਤਾਂ ਅਨਦਿਨ ਗੁਰ ਬਾਣੀ ਨੂੰ ਲਗ ਕੇ ਸਚੜੇ ਗੁਰਮਤਿ ਗੁਣ ਗਾਵੇ। ਸਦਾ ਗਾਵੰਦਾ ਹੀ ਰਹੇ। ਅਨਦਿਨੀ ਗੁਣ ਗਾਵਣੀ ਸਦ ਸਦਾ ਸਿਫਤਿ ਸਲਾਹੁੰਦੇ ਕੀਰਤਨ ਦੁਆਰਾ ਹੀ ਸਾਲਾਹੀ ਵਾਹਿਗੁਰੂ ਨੂੰ ਪਾਈਦਾ ਹੈ। ਵਿਣ ਕਰਮਾਂ ਨਦਰਾਂ ਮੇਹਰਾਂ ਦੇ ਨਾ ਇਹ ਕੀਰਤਨ ਮਿਲਦਾ ਹੈ ਗੁਰਬਾਣੀ ਦਾ। ਨਾ ਗੁਰਬਾਣੀ ਗਾਵਣੀ ਮਿਲਦੀ ਹੈ। ਨਾ ਸੱਚੀ ਸਿਫਤਿ ਸਾਲਾਹ ਵਾਲੀ ਨੇਅਮਤ ਨਸੀਬ ਹੁੰਦੀ ਹੈ ਅਤੇ ਨਾ ਹੀ ਸਿਫਤਿ ਸਾਲਾਹੀ ਸਲਾਹੁਣ ਯੋਗ ਵਾਹਿਗੁਰੂ ਹੀ ਮਿਲਦਾ ਹੈ। ਬਥੇਰੇ ਬਿਲਲਾਇ ਬਿਲਲਾਇ ਕੇ ਭਉਂਕ ਮਰੇ ਹਨ, ਬਿਲਕ ਬਿਲਕ ਕੇ। ਗੁਰੂ ਦੇ ਸ਼ਬਦ ਗੁਰ ਮੰਤਰ ਦੁਆਰਾ ਭਗਤੀ ਅਭਿਆਸ ਕੀਤਿਆਂ ਮਨ ਭੀ ਭਿਜਦਾ ਹੈ ਤੇ ਤਨ ਭੀ ਭਿਜਦਾ ਹੈ। ਇਉਂ ਤਨ ਮਨ ਭਿਜਿਆਂ ਭਗਤ ਵਛਲ ਵਾਹਿਗੁਰੂ ਆਪਿ ਨਦਰਿ ਆ ਵਸਦਾ ਹੈ। ਗੁਰੂ ਨਾਨਕ ਸਾਹਿਬ ਦੀ ਨਦਰ ਮੇਹਰ ਹੋਇ ਆਵੰਦੀ ਹੈ। ਨਦਰਾਲੂ ਪਿਤਾ ਪਰਮੇਸਰ ਆਪੇ ਹੀ ਆਪਣੀ ਨਦਰ ਕਰਿ ਆਇ ਮਿਲਦਾ ਹੈ ਅਤੇ ਅੰਤਰਿ ਆਤਮੇ ਆਪਿ ਆਇ ਪ੍ਰਾਪਤਿ ਹੁੰਦਾ ਹੈ ਪ੍ਰੀਤਮ ਪ੍ਰਮਾਤਮਾ। ਯਥਾ ਗੁਰਵਾਕ :- ਮਹਲਾ ੩।।

**ਕਹਿਐ ਕਥਿਐ ਨ ਪਾਈਐ**
**ਅਨ ਦਿਨੁ ਰਹੈ ਸਦਾ ਗੁਣ ਗਾਇ।।**
**ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ।।**
**ਗੁਰ ਕੈ ਸਬਦਿ ਮਨੁ ਤਨੁ ਭਿਜੈ ਆਪਿ ਵਸੈ ਮਨਿ ਆਇ।।**
**ਨਾਨਕ ਨਦਰੀ ਪਾਈਐ ਆਪੇ ਲਏ ਮਿਲਾਇ।।**

(ਬਿਹਾਗੜੇ ਕੀ ਵਾਰ ਮਹਲਾ ੪)

ਜਦ ਉਸ ਦੀ ਨਦਰ ਹੁੰਦੀ ਹੈ ਤਾਂ ਆਪੇ ਆ ਮਿਲਦਾ ਹੈ। ਵਾਹਿਗੁਰੂ ਮਿਲਾਪ ਦੇ ਪ੍ਰੇਮੀ ਜਨ ਨੂੰ ਨਾਮ ਅਭਿਆਸ ਕਮਾਈ ਨੂੰ ਪ੍ਰੇਮ ਸਹਿਤ ਨਿਬਾਹੁੰਦਿਆਂ ਹੋਇਆ ਸਦਾ ਉਸ ਦੀ ਨਦਰ ਮੇਹਰ ਉਤੇ ਹੀ ਸੱਚੀ ਟੇਕ ਰਹਿੰਦੀ ਹੈ। ਨਦਰੀਂ ਹੀ ਸਤਿਗੁਰੂ ਦੇ ਸੇਵਕ ਸਿਖ ਬਣੀਦਾ ਹੈ। ਨਦਰੀਂ ਹੀ ਸਤਿਗਰੂ ਦ੍ਰਿੜਾਈ ਦੀਖਸ਼ਾਈ ਨਾਮ ਭਗਤੀ ਦੀ ਸੇਵਾ ਕਮਾਈ ਹੁੰਦੀ ਹੈ। ਏਹੋ ਨਾਮ ਭਗਤੀ ਵਾਲੀ ਕਮਾਈ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ, ਜੋ ਨਦਰੀਂ ਹੀ ਪ੍ਰਾਪਤਿ ਹੁੰਦੀ ਹੈ। ਨਦਰੀਂ ਹੀ ਇਹੁ ਮਨੁ ਵਸਿ ਆਉਂਦਾ ਹੈ। ਨਦਰਾਂ ਵਾਲੀ ਸੇਵਾ ਭਗਤੀ ਕਰ ਕੇ। ਨਦਰੀ ਹੀ ਮਨੁ ਨਿਰਮਲੁ ਹੁੰਦਾ ਹੈ। ਏਹਨਾਂ ਨਦਰਾਂ ਉਤੇ ਸ਼ਾਂਕਰ ਹੋ ਕੇ ਅਭਿਆਸੀ ਜਨ ਨੂੰ ਨਾਮ ਅਭਿਆਸ ਕਮਾਈ ਕਰਨਾ ਅਤੇ ਕਰੀ ਜਾਣਾ ਚਾਹੀਦਾ ਹੈ। ਵਾਹਿਗੁਰੂ ਨਾਮ ਚੇਤਣ ਤੇ ਇਕ ਨਿਮਖ ਭਰ ਭੀ ਹਟਣਾ ਨਹੀਂ ਚਾਹੀਦਾ। ਸੁਆਸਿ ਸੁਆਸਿ ਜਪੀ ਹੀ ਜਾਣਾ ਚਾਹੀਦਾ ਹੈ। ਇਕੋ ਨਾਮ ਗੁਰਮਤਿ ਨਾਮ ਵਾਹਿਗੁਰੂ ਜਪਿਆਂ ਹੀ ਜਪਣ ਹਾਰੇ ਅਜਪਾ ਜਾਪੀ ਜਨ ਦੀ ਗਤੀ ਕਲਿਆਣ ਹੁੰਦੀ ਹੈ। ਅਤੇ ਸਚੇ ਆਤਮਿਕ ਅਧਿਆਤਮਿਕ ਸੁਖ ਮਿਲਦਾ ਹੈ। ਐਸਾ ਅਬਦੀ ਸੁਖ ਮਿਲਦਾ ਹੈ ਕਿ ਫਿਰ ਮੂਲੋਂ ਹੀ ਕੋਈ ਦੁਖ ਨਹੀ ਵਿਆਪਦਾ। ਅਭਿਆਸੀ ਜਨ ਐਸੀ ਅਭਿਆਸ ਕਮਾਈ ਕਰੇ ਕਿ ਬਿੰਦ ਬਿੰਦ ਚੁਖ ਚੁਖ ਹੋ ਕੇ ਨਾਮ ਜਪੇ। ਟੋਟਕੇ ਹੋ ਕੇ ਟੁੱਟ ਟੁੱਟ ਕੇ ਨਾਮ ਜਪਣ ਨੂੰ ਪਵੇ। ਕਦੇ ਹਟੇ ਹੰਭੇ ਨਾ। ਚਾਹੇ ਤਨ ਛਿਨ ਛਿਨ ਹੋ ਜਾਵੇ। ਗਲ ਕੀ ਮਰਿ ਮਿਟੇ। ਇਉਂ ਨਦਰੀਂ ਮਰ ਕੇ ਜੀਉਂਦੇ ਹੋਈਦਾ ਹੈ। ਜੀਵਨ ਮੁਕਤਿ ਪਦਵੀ ਇਉਂ ਨਦਰੀਂ ਪ੍ਰਾਪਤਿ ਹੁੰਦੀ ਹੈ। ਇਉਂ ਨਦਰਾਂ ਦੁਆਰਾ ਨਾਮ ਅਤੇ ਜਪਣ ਵਾਲਾ ਅਭਿਆਸੀ ਜਨ ਅਤੇ ਨਾਮ ਵਾਲਾ ਪੁਰਖ ਅਕਾਲ ਵਾਹਿਗੁਰੂ ਤਿੰਨੇ ਇੱਕ ਮਿੱਕ ਹੋ ਜਾਂਦੇ ਹਨ। ਜਦੋਂ ਸਬਦ ਵਾਹਿਗੁਰੂ ਮਨ ਵਿਚਿ ਵਸ ਕੇ ਤਦ ਰੂਪ ਹੋ ਜਾਂਦਾ ਹੈ। ਨਦਰੀਂ ਹੀ ਹੁਕਮ ਬੁਝ ਕੈ ਹੁਕਮੀ ਵਿਚਿ ਸਮਾਈ ਹੁੰਦੀ ਹੈ। ਅਤੇ ਸਚੜੇ ਪਰਮਾਤਮ ਮਿਲਾਪ ਅਤੇ ਨਾਮ ਜਾਪ ਦੇ ਰਸ ਰਸਾਈ ਬਿਸਮ ਮਸਤਾਪ ਹੁੰਦਾ ਹੈ। ਇਹ ਰਸ ਬਿਸਮਤਾਈ ਉਸ ਦੀ ਨਦਰ ਦ੍ਰਿਸਟੀ ਕਰ ਕੇ ਹੀ ਨਸੀਬਤ ਹੁੰਦੀ ਹੈ। ਜਿਨ੍ਹਾਂ ਨੇ ਜੀਹਬਾ ਕਰ ਕੇ ਰਸਨਾ ਕਰ ਕੇ ਹਰਿ ਰਸੁ ਨਹੀਂ ਚਖਿਆ, ਓਹ ਇਸ ਜਗ ਵਿਚਿ ਆਏ ਨ ਆਏ ਇਕੋ ਜੇ ਹੇ ਹੀ ਹਨ। ਸਚ ਮੁੱਚ ਉਹ ਜਿਹਬਾ ਉਹ ਰਸਨਾ ਹੀ ਜਾਣਦੀ ਹੈ, ਜਿਸ ਨੇ ਹਰਿ ਰਸ ਚਖਿਆ ਹੈ। ਨਾਮ ਰੂਪੀ ਪਾਰਸ ਨੂੰ ਜਾਪ ਦੁਆਰਾ ਜਿਹਬਾ ਤੇ ਘਸਾਉਂਦੇ ਘਸਾਉਂਦਿਆਂ ਇਕ ਅਕਹਿ ਜੋਤਿ ਰਸ ਜਿਹਬਾ ਤੇ ਹੀ ਆਇ ਉਦੀਪਤ ਹੁੰਦਾ ਹੈ, ਜਿਸ ਨੂੰ ਫੇਰ ਛਡਿ ਨਹੀਂ ਸਕੀਦਾ। ਇਹ ਰਸ ਇਕ ਬਚਿਤ੍ਰ ਅਤਿ ਅਧਿਭੁਤ ਰਸ ਹੁੰਦਾ ਹੈ। ਜੋ ਸੰਸਾਰਕ ਪਦਾਰਥ ਭੁੰਚਣੇ ਰਸਾਂ ਕਸਾਂ ਤੋਂ ਅੱਤ ਬਿਲੱਖਣ ਅਤੇ ਅਸਚਰਜ ਰੂਪਾ ਹੈ। ਪਦਾਰਥਕ ਰਸ ਸਭ ਨੀਵੇਂ ਅਤੇ ਹੋਛੇ ਰਸ ਹਨ। ਇਸ ਰਸ ਤਾਂਈ ਕਦ ਪੁਜ ਸਕਦੇ ਹਨ। ਜੇਹੜੀ ਜਿਹਬਾ ਨੂੰ ਜਿਸ ਦੀ ਰਸਨਾ ਨੂੰ ਇਸ ਬਿਸਮ ਰਸ ਦਾ ਅੰਮ੍ਰਿਤ ਬਿਸਮਨਾ ਸੁਆਦ ਨਹੀਂ ਆਇਆ, ਉਹ ਜਿਹਬਾ (ਗੁਰੂ ਸਾਹਿਬ ਫੁਰਮਾਉਂਦੇ ਹਨ) ਜਲ ਜਾਇ, ਜਲ ਜਾਣ ਦੇ ਲਾਇਕ ਹੈ। ਕੈਸਾ ਸੁਤੇ ਭਾਖਿਆ ਗੁਰ ਸਰਾਪ ਹੈ ਨਾਮ ਹੀਣੀ ਜਿਹਬਾ ਨੂੰ । ਭੈੜੇ ਹੋਰ ਹੋਛੇ ਤੁਛ ਤੁਛੇਤੇ ਰਸਾਂ ਵਿਚਿ ਲਗ ਰਹੀ ਰਸਨਾ ਨੂੰ ਇਹ ਬਿਸਮ ਰਸੀ ਸੁਆਦੁ ਕਿਥੇ ? ਦੂਜੇ ਭਾਇ ਦੇ ਰਸਾਂ ਕਸਾਂ ਵਿਚਿ ਖੱਚਤ ਹੋਇਆਂ ਦੁਖ ਹੀ ਦੁਖ ਸਦਾ ਦੁਖ ਹੀ ਹੈ। ਐਥੇ ਓਥੇ ਲੋਕ ਪਰਲੋਕ ਵਿਚਿ ਦੁਖ ਹੀ



www.AKJ.Org

ਦੁਖ ਹੈ। ਸਭਨਾ ਉਪਰਿ ਇਕ ਅਕਾਲ ਪੁਰਖ ਦੀ ਇਕੋ ਜੇਹੀ ਹੀ ਨਦਰਿ ਹੈ ਪਰ ਫਰਕ ਓਥੇ ਪੈਂਦਾ ਹੈ ਜਿਥੇ ਸੰਸਾਰੀ ਜੀਵ ਉਸ ਦੇ ਹੁਕਮ ਰਜਾਈ ਕਰਮ ਗਤਿ ਤੋਂ ਖਿਸਕ ਜਾਂਦੇ ਹਨ। ਹੁਕਮੋਂ ਖਿਸਕਿਆਂ ਉਪਰ ਨਦਰ ਹੋਣੋਂ ਭੀ ਖੁੰਝ ਜਾਂਦੀ ਹੈ। ਹੁਕਮੀਂ ਬੰਦਿਆਂ ਨਾਮ ਰਸਕ ਬੇਧੰਦਿਆਂ ਗੁਰਮੁਖ ਜਨਾ ਉਤੇ ਨਦਰ ਪੂਰਿ ਕਰੰਮੀ ਨਦਰਿ ਆਪੇ ਹੋਇ ਆਵੰਦੀ ਹੈ। ਦੂਜਿਆਂ ਤੇ ਆਪੋਂ ਫਰਕ ਪੈ ਜਾਂਦਾ ਹੈ। ਸਤਿਗੁਰੂ ਮਿਲੇ ਦਾ ਇਹ ਫਲੁ ਹੈ ਕਿ ਨਾਮ ਦੀ ਵਡਾਈ ਉੱਚਤਾ ਮਿਲਨ ਕਰ ਕੇ ਨਾਮ ਨਿਸਾਨੀ ਗੁਰਮੁਖ ਜਨ ਉਤੇ ਨਦਰਾਲੂ ਵਾਹਿਗੁਰੂ ਦੀ ਨਦਰ ਦ੍ਰਿਸ਼ਟੀ ਸੁੱਵਲੀ ਅਤੇ ਸੁਫਲ ਫਲੱਲੀ ਰਹਿੰਦੀ ਹੈ। ਯਥਾ ਗੁਰਵਾਕ :-

ਵਡਹੰਸ ਮਹਲਾ ੩।।
ਨਦਰੀ ਸਤਿਗੁਰ ਸੇਵੀਐ ਨਦਰੀ ਸੇਵਾ ਹੋਇ।।
ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ।।੧।।
ਮੇਰੇ ਮਨ ਚੇਤਿ ਸਚਾ ਸੋਇ।।
ਏਕੋ ਚੇਤਹਿ ਤਾ ਸੁਖੁ ਪਾਵਹਿ ਫਿਰਿ ਦੂਖੁ ਨ ਮੂਲੇ ਹੋਇ।।੧।। ਰਹਾਉ।।
ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ।।
ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ।।੨।।
ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲ ਜਾਉ।।
ਅਨਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੇ ਭਾਇ।।੩।।
ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ।।
ਨਾਨਕ ਸਤਿਗੁਰ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ।।੪।।੨।।

ਵਾਹਿਗੁਰੂ ਨਾਮ ਦੀ ਵਡਿਆਈ ਨਦਰਾਂ (ਕਰਮਾਂ) ਨਾਲਿ ਪ੍ਰਾਪਤਿ ਹੁੰਦੀ ਹੈ ਅਤੇ ਓਹਨਾਂ ਵਿਰਲੀਸਰਾਂ ਗੁਰਮੁਖ ਜਨੀਸਰਾਂ ਨੂੰ ਪ੍ਰਾਪਤਿ ਹੁੰਦੀ ਹੈ ਜਿਨ੍ਹਾਂ ਨੇ ਹੁਕਮ ਰਜਾਈ ਗੁਰੂ ਕਰਤਾਰ ਦਾ ਹੁਕਮ ਮੰਨ ਕੇ ਵਾਹਿਗੁਰੂ ਨੂੰ ਧਿਆਇਆ ਹੈ। ਸੱਚੀ ਧਿਆਉਣੀ ਕਰਿ ਧਿਆਇਆ ਹੈ ਅਤੇ ਹੁਕਮ ਰਜਾਈ ਵਾਹਿਗੁਰੂ ਜਿਨਾ ਤੇ ਕਿਰਪਾ ਨਦਰਿ ਦ੍ਰਿਸਟੀ ਕਰਦਾ ਹੈ। ਤਿਨਾ ਨੂੰ ਹੀ ਪੂਰੇ ਨਦਰ-ਕਰੰਮੇ ਭਾਗਾਂ ਕਰ ਕੇ ਗੁਰੂ ਨਾਨਕ ਸਰੂਪਾ ਸੱਚਾ ਸਤਿਗੁਰੂ ਪਾਤਸ਼ਾਹ ਮਿਲਦਾ ਹੈ। ਯਥਾ ਗੁਰਵਾਕ :-

ਨਾਨਕ ਪੂਰੇ ਕਰਮਿ ਸਤਿਗੁਰੁ ਮਿਲੈ
ਹਰਿ ਜੀਉ ਕਿਰਪਾ ਕਰੇ ਰਜਾਇ।।
.....ਹਰਿ ਨਾਮੈ ਕੀ ਵਡਿਆਈ ਕਰਮਿ ਪ੍ਰਾਪਤਿ ਹੋਵੈ
ਗੁਰਮੁਖਿ ਵਿਰਲੈ ਕਿਨੈ ਧਿਆਇਆ।।੧੪।।
(ਵਡਹੰਸ ਕੀ ਵਾਰ ਮਹਲਾ ੪)

ਪਰਮੇਸਰ ਪਰਮਾਤਮਾ ਦਾ ਸਚਾ ਨਾਮੁ ਅੰਮ੍ਰਿਤ ਕਲਾ ਸਪੰਨ ਹੈ। ਅੰਮ੍ਰਿਤ ਪਾਰਸੰਨਾ ਹੈ। ਅੰਮ੍ਰਿਤ ਪਾਰਸ ਕਲਾਵੀ ਸੰਪੰਨਤਾ ਰਖਦਾ ਹੈ। ਇਸ ਦੇ ਸਿਮਰਨਹਾਰੇ ਤੇ ਭੀ ਪਾਰਸ ਕਲਾ ਵਰਤਦੀ ਹੈ। ਉਹ ਸਿਮਰ ਸਿਮਰ ਕੇ ਅਮਰ-ਜੀਵਨੇ ਜੀਵਨ ਵਾਲਾ ਹੋ ਜਾਂਦਾ ਹੈ। ਉਹ ਸਚੀ ਜੀਵਨੀ ਅਮਰ ਜੀਉਣੀ ਜੀਵਨੀ ਜੀਉ ਉਠਦਾ ਹੈ। ਐਸਾ ਨਾਮੁ ਨਦਰਿ ਕਰਮ ਕਰ ਕੇ ਹੀ ਪ੍ਰਾਪਤਿ ਹੁੰਦਾ ਹੈ। ਜਿਸ ਨੂੰ ਪ੍ਰਾਪਤਿ ਹੁੰਦਾ ਹੈ ਸੋ ਜਨ ਨਿਰਾਲੇ ਜੀਵਨ ਵਾਲਾ ਨਿਰਮਲ (ਖਾਲਸਾ) ਹੀ ਥੀ ਰਹਿੰਦਾ ਹੈ।

ਅੰਮ੍ਰਿਤ ਨਾਮੁ ਪਰਮੇਸਰ ਤੇਰਾ ਜੋ ਸਿਮਰੈ ਸੋ ਜੀਵੈ।।
ਜਿਸਨੋ ਕਰਮਿ ਪ੍ਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ।।
(ਸੋਰਠਿ ਮਹਲਾ ੫)

ਦਾਤਾਰ ਗੁਰੂ ਕਰਤਾਰ ਦੀ ਮੇਹਰ ਨਦਰਿ ਦਾ ਸਦਕਾ ਹੀ ਸਿਫਤਿ ਸਾਲਾਹਣੀ ਭਗਤੀ ਦੀ ਦਾਤਿ ਵਾਹਿਗੁਰੂ ਦੇ ਵਿਰਲੇ ਨਦਰਿ ਪਾਤਰੀਸ਼ਾਂ ਗੁਰਮੁਖ ਜਨਾਂ ਨੂੰ ਹੀ ਮਿਲਦੀ ਹੈ। ਭਗਤ ਵਛਲ ਵਾਹਿਗੁਰੂ ਦਾਤਾਰ ਨਦਰਾਰ ਨੇ ਜਿਸ ਗੁਰਮੁਖ ਵਿਰਲੀਸ਼ਰ ਜਨ ਨੂੰ ਅਨਿੰਨ ਭਗਤੀ ਦਾ ਇਹ ਭੰਡਾਰੁ ਸਉਂਪ ਦਿਤਾ ਹੈ, ਓਹਨਾਂ ਤੋਂ ਫੇਰ ਲੇਖੇ ਦੀ ਪੁਛ ਨਹੀਂ ਲਿਤੀ ਗਈ। ਕਰਮਾਂ ਦੇ ਲੇਖੇ ਦੀ ਪੁਰਸਿਸ਼ (ਪੁਛ) ਨਹੀਂ ਹੋਈ। ਜਿਸ ਨੂੰ ਨਦਰਾਲੂ ਵਾਹਿਗੁਰੂ ਦੀ ਪਰਮ ਕਿਰਪਾਲਤਾ ਉਦਾਰਤਾ ਨਦਰਾਰਤਾ ਦੁਆਰਾ ਸਚੇ ਨਾਮ ਦਾ ਰੰਗੁ ਚਲੂਲਾ ਚੜ੍ਹ ਗਿਆ, ਉਹ ਫੇਰ ਰੰਗ ਰਤੜਾ ਹੀ ਰਿਹਾ। ਕਿਉਂਕਿ ਹਰਿ ਰੰਗ ਨ ਕਦੇ ਉਤਰਦਾ ਹੈ ਨਾ ਜਾਂਦਾ ਹੈ। "ਹਰਿ ਰੰਗੁ ਕਦੇ ਉਤਰਿ ਨਾ ਜਾਇ।।"ਐਸੇ ਰੰਗਿ ਰਤੜੇ ਜਨਾਂ ਨਦਰ ਤ੍ਰੁੱਠਿਆਂ ਦਾ ਇਕੋ ਨਾਮੁ ਹੀ ਆਧਾਰੁ ਹੈ। ਇਕੋ ਨਾਮੁ ਹੀ ਭੋਜਨ ਅਹਾਰੁ (ਭੱਤਾ) ਹੋ ਜਾਂਦਾ ਹੈ। ਤਿਨਾ ਨਾਮ ਅਹਾਰੀਆਂ ਨਾਮ ਅਧਾਰੀਆਂ ਨਾਮੁ-ਭੋਜਨ ਕਰਮਾਰੀਆਂ ਪਿਛੇ ਸਾਰਾ ਜਗੁ ਹੀ ਭੁੰਚਦਾ ਭੋਗਦਾ ਹੈ। ਓਹਨਾਂ ਦੀ ਭਜਨ ਕਮਾਈ ਅਭਿਆਸ ਕਰਮਾਈ ਦੇ ਤੁਫੈਲ ਸਾਰੇ ਜਗਤ ਨੂੰ ਸਾਰੇ ਸੰਸਾਰੀਆਂ ਨੂੰ ਭੁੰਚਣ ਜੋਗ ਭੋਜਨ ਅਹਾਰੁ ਪਹੁੰਚਦਾ ਹੈ। ਓਹਨਾਂ ਨੂੰ ਰੱਬ ਪਿਆਰਾ ਹੁੰਦਾ ਹੈ ਅਤੇ ਉਹ ਰੱਬ ਪਿਆਰਾ ਪ੍ਰੀਤਮ ਓਹਨਾਂ ਤੋਂ ਐਸਾ ਨਦਰਾਰ ਪਿਆਰ ਦ੍ਰਿਸਟਾ ਹੋ ਕੇ ਪੁਕਰਦਾ ਹੈ ਕਿ ਓਹਨਾਂ ਹੀ ਜੋਗਾ ਹੋ ਰਹਿੰਦਾ ਹੈ। ਮੁਕਤਿ ਭੁਗਤਿ ਦਾ ਦਾਤਾ ਭਗਤ ਵਛਲ ਵਾਹਿਗੁਰੂ ਅਪਣੇ ਭਗਤਾਂ ਦੀ ਅਨਿੰਨ ਭਗਤੀ ਤੇ ਤੁੱਸ ਕੇ (ਤ੍ਰੁੱਠ ਕੇ) ਰੀਝ ਕੇ ਪਸੀਜ ਕੇ ਤਫੁਲੀਜਿਆ ਹੋਇਆ ਓਹਨਾਂ ਦੀ ਤੁਫੈਲਤਾ ਬਰਕਤ ਨਾਲਿ ਸਾਰਿਆਂ ਨੂੰ ਭਗਤਿ


www.AKJ.Org

ਭੋਜਨੀ ਛਾਂਦਾ ਭੁਗਤਾਉਂਦਾ ਵਰਤਾਉਂਦਾ ਹੈ। "ਤਿਨ ਕੀ ਬਰਕਤੀ ਸਭ ਜਗਤੁ ਖਾਇ ਜੋ ਰਤੇ ਹਰਿ ਨਾਇ।।" ਜਿਸ ਕਿਸੇ ਗੁਰਮੁਖ ਜਨ ਨੂੰ ਨਦਰ ਕਰੰਮਾ ਨਾਲਿ ਜੋਗ ਸੰਜੋਗੀ ਪੰਜਾਂ ਪਿਆਰਿਆਂ ਦੇ ਪਰਤਾਪ.ਮਿਲਾਪ ਬਸੀਠੀ ਪਰਤਾਪ ਨਾਲਿ ਸਚੇ ਸਤਿਗੁਰੂ ਦੀ ਪ੍ਰਾਪਤੀ ਹੋ ਗਈ ਹੈ। ਉਹ ਨਿਗੁਰਿਓਂ ਸਗੁਰਾ ਹੋਇਆ ਹੈ। ਜਿਸ ਵਡਭਾਗੇ ਨਦਰਾਗੇ ਜਨ ਨੂੰ ਇਸ ਬਿਧਿ ਗੁਰੂ ਦੀ ਪ੍ਰਾਪਤਿ ਹੋ ਗਈ ਹੈ, ਐਸੇ ਜਨ ਨੇ ਹੀ ਸਤਿਗੁਰੂ ਦੀ ਸੱਚੀ ਬਸੀਠੀਂ ਦੁਆਰਾ ਵਾਹਿਗੁਰੂ ਅਗਮ ਅਗੋਚਰ ਸਾਹਿਬ ਨਾਲਿ ਜਾਣ ਜਾਣੀ ਤੇ ਤੱਤ ਪਿਉਂਦ ਗੰਢ ਪਾਈ ਹੈ। ਸੋਈ ਵਡਭਾਗੀ ਨਦਰਾਗੀ ਜਨ ਵਾਹਿਗੁਰੂ ਦੇ ਪਰਤੱਖ ਦਰਸਨਾ ਦੇ ਦਰਸੇਤੇ ਤੱਤ ਵੇਤੇ ਹੋਏ ਹਨ। ਤਿਨਾ ਨੇ ਹੀ ਸਤਿਪੁਰਖ ਨੂੰ ਅਸਲ ਅਰਥਾਂ ਵਿਚਿ ਜਾਣਿਆ ਹੈ। ਜਾਨਣ ਜਾਨਣੀ ਦੇ ਅਸਲ ਅਰਥਾਂ ਵਿਚਿ ਜਾਣਿਆਂ ਪਹਿਚਾਣਿਆ ਹੈ। ਐਸੇ ਖਸਮੇ ਭਾਣਿਆਂ ਖਸਮ ਭਾ ਗਇਆਂ ਨਦਰਾ ਗਇਆਂ ਜਨਾ ਤੋ ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ। ਯਥਾ ਗੁਰਵਾਕ :-

ਸਿਫਤਿ ਸਾਲਾਹਣੁ ਭਗਤਿ ਵਿਰਲੇ ਦਿਤੀਅਨੁ।।
ਸਉਪੇ ਜਿਸੁ ਭੰਡਾਰੁ ਫਿਰਿ ਪੁਛ ਨ ਲੀਤੀਅਨੁ।।
ਜਿਸਨੋ ਲਗਾ ਰੰਗੁ ਸੇ ਰੰਗਿ ਰਤਿਆ।।
ਓਨਾ ਪਿਛੈ ਜਗੁ ਭੁੰਚੈ ਭੋਗਈ।।
ਓਨਾ ਪਿਆਰਾ ਰੱਬ ਓਨਾਹਾ ਜੋਗਈ।।
ਜਿਸੁ ਮਿਲਿਆ ਗੁਰ ਆਇ ਤਿਨ ਪ੍ਰਭੁ ਜਾਣਿਆ।।
ਹਉ ਬਲਿਹਾਰੀ ਤਿਨੑ ਜਿ ਖਸਮੈ ਭਾਣਿਆ।।
(ਰਾਮਕਲੀ ਕੀ ਵਾਰ ਮਹਲਾ ੫)

ਖਸਮ ਨੂੰ ਓਹੀ ਜਨ ਭਾਉਂਦੇ ਹਨ ਜਿਨਾ ਉਤੇ ਉਸ ਦੀ ਨਦਰ ਹੁੰਦੀ ਹੈ। ਨਦਰ ਉਸਦੀ ਓਹਨਾਂ ਤੇ ਹੀ ਹੁੰਦੀ ਹੈ ਜੋ ਉਸ ਦੇ ਹੁਕਮ ਅਨੁਸਾਰੀ ਅਗਿਆਕਾਰੀ ਹੋ ਕੇ ਸ੍ਰੇਸ਼ਟ ਗੁਰਮਤਿ ਕਰਮ ਕਮਾਉਂਦੇ ਹਨ। ਐਸੇ ਕਰਮ ਵੰਤਿਆਂ ਤੇ ਹੀ ਕਰਮ ਭਰੀ ਨਦਰ ਮੇਹਰ ਦਇਆ ਦ੍ਰਿਸਟੋਹਰ ਹੁੰਦੀ ਹੈ। ਯਥਾ ਗੁਰਵਾਕ :-

ਕਿਰਪਾ ਕਰੇ ਜਿਸ ਅਪਣੀ ਧੁਰਿ ਪੂਰਾ ਕਰਮ ਕਰੇਇ।।
ਜਨ ਨਾਨਕ ਸੇ ਜਨ ਉਧਰੇ ਜੋ ਸਤਿਗੁਰ ਸਰਣਿ ਪਰੇ।।
(ਰਾਮਕਲੀ ਕੀ ਵਾਰ ਮਹਲਾ ੫)

ਧੁਰੋਂ ਹੀ ਪੂਰਾ ਕਰਮ ਗੁਰਮਤਿ ਸਰਬੋਤਮ ਕਰਮ ਕਰਨਹਾਰਿਆਂ ਤੇ ਹੀ ਨਦਰ ਮੇਹਰ ਕਿਰਪਾ ਹੁੰਦੀ ਹੈ। ਜਿਸੁ ਗੁਰਮੁਖ ਜਨ ਉਤੇ ਨਦਰਾਲੂ ਦੀ ਨਦਰ ਮੇਹਰ ਕ੍ਰਿਪਾਲੂ ਦੀ ਕਿਰਪਾ ਹੁੰਦੀ ਹੈ ਸੋ ਧੁਰੋਂ ਪਰਾਲਬਧੋਂ ਹੀ ਪੂਰਾ ਕਰਮ ਕਰਦਾ ਹੈ। ਜੋ ਧੁਰੋਂ ਹੀ ਨਦਰਪਾਤਰੀ ਕਰਮੁ ਹੁੰਦਾ ਹੈ। ਤਿਸ ਦੇ ਪੂਰੇ ਕਰਮ ਕਮਾਈ ਦੀ ਮੋਹਰ ਧੁਰੋਂ ਲਗ ਜਾਂਦੀ ਹੈ। ਉਸ ਦੇ ਮਸਤਕ ਤੇ ਕਰਮ ਨਦਰਨੀ ਨੀਸ਼ਾਨ ਲਿਖਿਆ ਜਾਂਦਾ ਹੈ। ਤਿਨਾ ਨਦਰ ਨੀਸਾਨਿਆਂ ਦਾ ਨਦਰ ਉਬਰਾਉ ਸਤਿਗੁਰ ਸਰਨਾਗਤੀ ਨੀਸਾਨਿਆਂ ਜਾਂਦਾ ਹੈ। ਸੋਈ ਨਦਰ ਨੀਸਾਨੇ ਗੁਰਮੁਖ ਜਨ ਸੱਚੇ ਦੀ ਸੱਚੀ ਦਰਗਾਹ ਵਿਚਿ ਅਪਨਾਏ ਪਹਿਨਾਏ ਜਾਂਦੇ ਹਨ। ਨਦਰਿ ਮਹਿਮਾਏ ਜਨਾਂ ਦਾ ਹੀ ਨਿਸਤਾਰਾ ਹੈ। ਨਦਰ ਹੀਣਿਆਂ ਨੂੰ ਅਪਣੇ ਕਰਮਾਂ ਦਾ ਕਫਾਰਾ ਕਰਨਾ ਪੈਂਦਾ ਹੈ। ਹਕ ਹਕੀਕਤ ਦੇ ਸਚੜੇ ਰੰਗ ਦੀਦਾਰੀਆਂ ਨਦਰ ਨਦਰਾਗੀਆਂ ਉਪਰ ਹੀ ਅਗਲਾ ਗੁਰਵਾਕ ਘਟਦਾ ਹੈ :-

ਜੋ ਰਤੇ ਦੀਦਾਰ ਸੇਈ ਸਚੁ ਹਾਕੁ।।
ਜਿਨਿ ਜਾਤਾ ਖਸਮੁ ਕਿਉ ਲਭੈ ਤਿਨਾ ਖਾਕੁ।।
ਮਨ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ।।
ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ।।
ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ।।
ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰਿ ਝਾਕ।।
ਨਉ ਨਿਧਿ ਨਾਮੁ ਨਿਧਾਨੁ ਗੁਰ ਕੈ ਸਬਦਿ ਲਾਗੁ।।
ਤਿਸੈ ਮਿਲੈ ਸੰਤ ਖਾਕੁ ਮਸਤਕਿ ਜਿਸੈ ਭਾਗੁ।।
(ਪਉੜੀ ਰਾਮਕਲੀ ਕੀ ਵਾਰ ਮਹਲਾ ੫)

ਗੁਰੂ ਕੇ ਸਬਦ ਦੀ ਪਾਰਸ ਲਾਗ ਜਿਨਾ ਨੂੰ ਲਗ ਗਈ ਓਹਨਾ ਦੀ ਪਰਮਾਰਥਕ ਜਾਗ ਇਕ ਚੰਭਕ ਕਲਾ ਦੇ ਕ੍ਰਿਸਮੇ ਨਾਲਿ ਖੁਲ੍ਹ ਗਈ। ਸਫਲ ਕਮਾਈ ਦਾ ਸੁਫਲ ਫਲ ਮਿਲਦਾ ਹੈ। ਇਹ ਹੈ ਨਦਰ ਜੋ ਉਜਲ ਕਰਮਾਂ ਵਾਲੇ ਉਜਲ ਦੀਦਾਰਿਆਂ ਦੇ ਵਿਰਸੇ ਵਿਚਿ ਆਉਂਦੀ ਹੈ ਅਤੇ ਦੁਧ ਧੋਤੇ ਉਜਲ ਕਰਮਾਰੀਆਂ ਉਪਰਿ ਵਰਸਦੀ ਹੈ। ਨਦਰ ਦੇ ਹਕਦਾਰ ਹਕੀਕਤ ਵਿਚਿ ਸੋਈ ਹੋਏ ਹਨ ਜੋ ਅੰਤ ਨੂੰ ਸਚ ਹਕ ਖੁਦਾਇ ਦੇ ਦੀਦਾਰ ਵਿੱਚਿ ਰਤੇ ਜਾ ਕੇ ਓਥੇ ਹੀ ਮਜਜ਼ੂਬ ਹੋ ਗਏ। ਸਚੜੇ ਹੁਸਨਲ ਜਮਾਲ ਸਾਹਿਬ ਦੇ ਹੁਸਨ ਕਮਾਲ ਵਿਚਿ ਹੀ ਮਹਿਵ ਹੋ ਗਏ। ਕਰਮ ਨਦਰਾਰੀਆਂ, ਨਦਰ ਕਰਮਾਰੀਆਂ, ਨਾਮਿ ਰੰਗਾਰੀਆਂ, ਰੰਗ ਦੀਦਾਰੀਆਂ ਦਾ ਰੱਬੀ ਇਸ਼ਕ ਹੀ ਇਸ਼ਕ ਹਕੀਕੀ ਹੈ। ਐਸੇ ਇਸ਼ਕ ਹਕੀਕਾਰੀਆਂ ਖਸਮ ਜਣਾਰੀਆਂ ਦੀ ਖਾਕ ਨੂੰ ਸੁਰ, ਨਰ, ਮੁਨ ਜਨ, ਪਏ ਲੋਚਦੇ ਹਨ। ਪਰ ਲਭਦੀ ਨਹੀਂ। ਤਿਨਾ ਦੇ ਸੰਗ ਮਿਲ ਕੇ ਵੇਕਾਰ ਕਰਮੀਆਂ ਦਾ ਵੇਕਾਰਾਂ ਨਾਲਿ ਮੈਲਾ ਹੋਇਆ ਵਿਆ ਮਨੁ ਪਾਕ ਹੋ ਜਾਂਦਾ ਹੈ। ਐਸਾ ਪਾਕ ਹੋ ਜਾਂਦਾ ਹੈ ਕਿ ਓਹਨਾਂ ਦੇ ਤਿਮਰ ਅਗਿਆਨ ਅੰਧੇਰ ਵਾਲੇ ਭਰਮ ਦੇ ਤਾਕ ਖੁਲ ਜਾਂਦੇ ਹਨ। ਅਤੇ ਸੱਚੇ ਵਾਹਿਗੁਰੂ



www.AKJ.Org

ਦਾ ਧੁਰਿ ਦਰਗਾਹੀ ਸਚਾ ਮਹਿਲ ਦਿਸਣ, ਪਰਤੱਖ ਦਿਸਣ ਲਗ ਪੈਂਦਾ ਹੈ। ਜਿਸ ਨੂੰ ਇਕ ਵਾਰ ਅਪਣੀ ਨਦਰ ਕਰਿ ਮਹਿਲੀ ਵਾਹਿਗੁਰੂ ਅਪਣੇ ਮਹਿਲ ਦੀ ਝਾਕੀ ਆਪਿ ਪੁਆ ਦੇਵੇ ਉਸ ਨੂੰ ਫਿਰ ਓਥੋਂ ਧੱਕਣ ਵਾਲਾ ਮਹਿਲੋਂ ਕਢਣ ਵਾਲਾ ਕੋਈ ਨਹੀਂ ਜੰਮਿਆ। ਕੀਹਦਾ ਮਕਦੂਰ ਹੈ ਕਿ ਉਸ ਨੂੰ ਓਥੋਂ ਧਕੇਲ ਧਕੇ। "ਜਾ ਬਖਸੇ ਤਾ ਫਿਰਿ ਧੱਕਾ ਨਹੀ।।" ਬਖਸ਼ਿਆਂ ਹੋਇਆ ਨੂੰ ਕਦੇ ਧੱਕਾ ਨਹੀਂ ਮਿਲਦਾ। ਬਸ, ਓਹ ਓਥੇ ਜੋਗੇ ਹੀ ਰਹਿ ਜਾਂਦੇ ਹਨ। ਬਿੰਦਕ ਨਦਰ ਝਾਕੀ ਪਾ ਕੇ ਓਹਨਾਂ ਦਾ ਮਨੁ ਤਨੁ ਨਿਹਾਲੋ ਨਿਹਾਲ ਹੋ ਜਾਂਦਾ ਹੈ। ਉਹ ਤਿਸੇ ਨਦਰ ਨਿਹਾਲਤਾ ਵਿਚਿ ਹੀ ਮੁਸਤਗਰਕ ਅਤੇ ਮਖਮੂਰੋ ਮਖਮੂਰ ਹੋ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਸਚਖੰਡ ਪੁਜ ਕੇ ਸਿਖਰ ਦਰਬਾਰ ਤੋਂ ਦਿਬ ਦ੍ਰਿਸਟੀ ਦੁਆਰੇ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਚਾਰ ਚੁਫੇਰੇ ਨਜ਼ਰ ਮਾਰ ਕੇ ਦੇਖਿਆ। ਤੇ ਅਜ਼ਮਾਇਆ ਤਾਂ ਕੀ ਦੇਖਿਆ ਅਜ਼ਮਾਇਆ ? ਇਹ ਕਿ ਨਿਰਭਉ ਨਿਰੰਕਾਰ ਅਤੇ ਨਿਰਭਉ ਨਾਮ ਹੀ ਸਾਰ ਤਤ-ਸੱਚੁ ਹੈ। ਇਸ ਸਚੁ ਅਤੇ ਸੱਚੇ ਦੀ ਸੂਝ ਬੂਝ ਤੋਂ ਸਭ ਸੂਨ ਤੇ ਖਾਲੀ ਹਨ। ਸਭ ਅਕਾਰ ਮੰਡਲ ਭੀ ਇਕ ਅੱਖ ਦੇ ਫੋਰੇ ਵਿਚਿ ਵਿਥ ਵਿਥ ਖੂੰਜੇ ਖੂੰਜੇ ਕੋਨੇ ਕੋਨੇ ਵਿਚਿ ਫਿਰ ਕੇ ਦੇਖ ਲਏ। ਗਿਆਨੀਆਂ, ਪੰਡਤਾਂ, ਬੇਦ ਬੀਚਾਰੀਆਂ ਨੂੰ ਭੀ ਜੋਹ ਕੇ ਦੇਖ ਪੜਤਾਲ ਲਿਆ। ਦੇਵਾਂ ਮਾਣਸਾਂ, ਜੋਧ ਅਵਤਾਰਾਂ ਨੂੰ ਭੀ ਅਜ਼ਮਾ ਢੂੰਡਿਆ। ਸਮਾਧੀਆਂ ਲਾਉਣ ਵਾਲੇ ਸਿਧਾਂ ਦੀ ਸੂੰਹ ਭੀ ਲੈ ਲਈ। ਏਹਨਾਂ ਸਾਰਿਆਂ ਅੰਦਰਿ ਕੱਚੀਆਂ ਮਤਾਂ ਵਾਲਾ ਕਚ ਪਿਚ ਅਕਲੀ ਅੰਧਿਆਂ ਵਾਲਾ ਅੰਧ ਵਰਤਾਰਾ ਹੀ ਵਰਤ ਰਹਿਆ ਹੈ। ਸਚੁ ਰੂਪੀ ਸਚਾ ਨਾਮ ਕਿਤੇ ਭੀ ਨਹੀਂ। ਨਾਹੀ ਸਚ ਕਰਤਾਰ ਦੀ ਸਚੀ ਸਰਧਾ ਭਾਵਨਾ ਵਾਲੇ ਤੱਤ ਗਿਆਨ ਦਾ ਹੀ ਕਿਤੇ ਨਮੂਦ ਹੈ। ਅਗੇ ਜਾ ਕੇ ਕੰਮ ਆਉਣ ਵਾਲੇ ਨਿਰਭਉ ਨਿਰੰਕਾਰ ਦੇ ਨਿਰੰਕਾਰੀ ਨਾਮ ਤੋਂ ਸੂਨ ਹੋਰ ਹੋਰ ਨਿਕੰਮੇ ਕਰਮਾਂ ਹੀ ਸਾਰੀ ਸ੍ਰਿਸਟੀ ਉਰਝੀ (ਉਲਝੀ) ਹੋਈ ਹੈ। ਸਿਫਤ ਸਾਲਾਹ ਰੂਪੀ ਸਚਾ ਸਾਰ ਕਰਮ ਕੋਈ ਭੀ ਨਹੀਂ ਕਰਦਾ। ਕਰਨ ਯੋਗ ਸਾਰ ਕਰਮ ਇਕ ਗੁਰਮਤਿ ਨਾਮ ਅਭਿਆਸ ਕਮਾਈ ਹੀ ਹੈ। ਏ ਹੇ ਸੱਚੀ ਬੰਦਗੀ ਹੈ ਜੋ ਕਰਮੀ ਅਰਥਾਤ ਉਸ ਦੀਆਂ ਨਦਰ ਕਰੰਮੀ ਮੇਹਰਾਂ ਨਾਲਿ ਹੀ ਪ੍ਰਾਪਤਿ ਹੰਦੀ ਹੈ। ਬੰਦਗੀ ਕਰਦਿਆਂ ਭੀ ਬੰਦਗੀ ਕਰਨਹਾਰੇ ਉਸਦੀਆਂ ਨਦਰਾਂ ਦੇ ਪਾਤਰ ਹੀ ਬਣੇ ਰਹਿੰਦੇ ਹਨ। ਵਾਸਤਵ ਵਿਚਿ ਉਸਦੀ ਨਦਰ ਹੀ ਪਾਰ ਲੰਘਾਉਣ ਹਾਰੀ ਹੈ। ਯਥਾ ਗੁਰਵਾਕ :-

ਮਹਲਾ ੧।।
ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਅਕਾਰੁ।।
ਪੁਛਾ ਗਿਆਨੀ ਪੰਡਿਤਾਂ ਪੁਛਾ ਬੇਤ ਬੀਚਾਰ।।
ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ।।
ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ।।
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣ ਸਾਰ।।
ਹੋਰ ਕਚੀ ਮਤੀ ਕਚੁ ਅੰਧਿਆ ਅੰਧ ਬੀਚਾਰੁ।।
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ।।
(ਸਾਰੰਗ ਕੀ ਵਾਰ ਮਹਲਾ ੪)

ਐਸੇ ਗੁਰੂ ਨਾਨਕ ਸਾਰਖੇ ਸਤਿਗੁਰੂ ਗੁਰੂ ਨਾਨਕ ਸਰੂਪ ਦਾ ਦਰਸ਼ਨ ਭੇਟ ਮੇਲਾ ਤਾਂ ਹੀ ਹੁੰਦਾ ਹੈ ਜੇ ਨਦਰੀ ਵਾਹਿਗੁਰੂ ਦਾ ਕਰਮਿ ਕਰਮ ਹੋਵੈ।

"ਨਾਨਕ ਨਦਰੀ ਕਰਮੁ ਹੋਇ ਗੁਰ ਮਿਲਿਐ ਭਾਈ।।"
(ਸਾਰੰਗ ਕੀ ਵਾਰ ਮਹਲਾ ੪)

ਸਚੇ ਸਤਿਗੁਰੂ ਦਾ ਸਚ ਮਿਲਾਵਾ ਦਰਸ ਭੇਟਣਾ ਹੋਣ ਕਰਿ ਗੁਰਮੰਤ੍ਰ ਗੁਰ-ਦੀਖਿਆ ਮਈ ਸ਼ਬਦ ਪ੍ਰਾਪਤਿ ਹੁੰਦਾ ਹੈ ਗੁਰੂ ਦੁਆਰਿਓਂ। ਇਸ ਸ਼ਬਦ ਗੁਰਮੰਤ੍ਰ ਦੀ ਕਰਮ ਕਮਾਈ ਕੀਤੇ ਬਿਨਾ ਕਿਸੇ ਨੂੰ ਪਰਮ ਪਦ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ। ਸਭ ਦੁਖੀਏ ਹੋ ਕੇ ਚਲੇ ਜਾਂਦੇ ਹਨ ਜਗ ਤੋਂ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੀ ਨਦਰ ਦੁਆਰਾ ਹੀ ਵਾਹਿਗੁਰੂ ਸ਼ਬਦ ਨੂੰ ਪਾਈਦਾ ਹੈ। ਅਤੇ ਨਦਰ-ਕਰੰਮੀ ਕਮਾਈ ਦੁਆਰਾ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ :-

ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ।।
ਨਾਨਕ ਨਦਰੀ ਪਾਈਐ ਕਰਮਿ ਪ੍ਰਾਪਤਿ ਹੋਇ।।
(ਸਾਰੰਗ ਕੀ ਵਾਰ ਮਹਲਾ ੪)

ਧੁਰ ਦੇ ਸ਼ੁਭ ਕਰਮ ਦੇ ਅੰਕੁਰ ਉਗਵੇ ਅਨੁਸਾਰ ਨਦਰ ਕਰਮ ਹੋਵੇ ਤਾਂ ਗੁਰੂ ਸਾਹਿਬ ਸਚੇ ਸਤਿਗੁਰੂ ਪਾਤਸ਼ਾਹ ਗੁਰੂ ਨਾਨਕ ਦੇ ਦਰਿ ਘਰਿ ਤਾਂਈ ਰਸਾਈ ਹੋਵੇ। ਬਿਨਾ ਨਦਰ ਕਰਮ ਤੋਂ ਸਤਿਗੁਰੂ ਦਾ ਦਰ ਘਰ ਨਹੀਂ ਪਾਇਆ ਜਾਂਦਾ। ਪਾਰਸ ਰੂਪ ਸਤਿਗੁਰੂ ਨੂੰ ਮਿਲ ਕੇ ਕੰਚਨ ਹੋ ਜਾਈਦਾ ਹੈ। ਜੇ ਵਾਹਿਗੁਰੂ ਦੀ ਨਦਰ ਰਜਾਇ ਹੋਵੇ। ਸਤਿਗੁਰੂ ਦੀ ਸੰਗਤਿ ਗੁਰੂ ਘਰ ਦੀ ਸਤਿ ਸੰਗਤ ਦਾ ਲਾਹੀ ਲੈਣਾ ਕਰਮੀ (ਨਦਰੀ) ਹੀ ਪਲੇ ਪੈਂਦਾ ਹੈ। ਨਦਰਾਂ ਕਰਮਾਂ ਬਿਨਾ ਨਹੀਂ ਪੈਂਦਾ। ਯਥਾ ਗੁਰਵਾਕ :-

ਕਰਮੁ ਹੋਵੈ ਤਾ ਸਤਿਗੁਰੁ ਪਾਈਐ


www.AKJ.Org

ਵਿਣੁ ਕਰਮੈ ਪਾਇਆ ਨ ਜਾਇ।।
ਸਤਿਗੁਰਿ ਮਿਲਿਐ ਕੰਚਨ ਹੋਈਐ
ਜਾ ਹਰਿ ਕੀ ਹੋਇ ਰਜਾਇ।।.......
ਲਾਹਾ ਹਰਿ ਸੰਗਤ ਪਾਈਐ ਕਰਮੀ ਪਲੈ ਪਾਇ।।

(ਮਲਾਰ ਮਹਲਾ ੩)

ਨਾਮ ਦੀਆਂ ਕਮਾਈਆਂ ਕਰਿ ਕਰਿ ਮੇਹਰਬਾਨ ਵਾਹਿਗੁਰੂ ਦੇ ਦਰ ਦੀਬਾਣੀ ਮਾਣ ਮਹੱਤਾ ਮਰਤਬਾ ਨਦਰ ਕਰੰਮੀ ਨੀਸਾਣਤਾ ਅਨੁਸਾਰ ਪਰਵਾਣ ਪੈ ਕੇ ਪ੍ਰਾਪਤਿ ਹੁੰਦਾ ਹੈ।

ਨਾਇ ਤੇਰੈ ਮਾਣ ਮਹਤੁ ਪਰਵਾਣ।।
ਤੇਰੀ ਨਦਰੀ ਕਰਮਿ ਪਵੈ ਨੀਸਾਣ।।

(ਰਾਗ ਪ੍ਰਭਾਤੀ ਬਿਭਾਸ ਮਹਲਾ ੧)

ਜਿਸ ਨੂੰ ਕਿਰਪਾ ਧਾਰ ਕੇ ਅਪਣੀ ਨਦਰਿ ਦੁਆਰਾ ਆਪ ਨਿਵਾਜਦਾ ਹੈ ਤਿਸੇ ਦੀਆਂ ਕੀਤੀਆਂ ਪੂਰਨ ਕਰਮ ਕਮਾਈਆਂ ਪਰਵਾਣ ਪੈਂਦੀਆਂ ਹਨ।

"ਜਿਸਹਿ ਨਿਵਾਜੇ ਕਿਰਪਾ ਧਾਰਿ।।
ਪੂਰਨ ਕਰਮ ਤਾਕੇ ਆਚਾਰ।।"

(ਪ੍ਰਭਾਤ ਮਹਲਾ ੫)

ਮਨ ਦੇ ਸਭ ਭਰਮ ਭੇਦ ਅਸਰਧਕਤਾ ਭਰੇ ਦੁਬਿਧਾ ਭਰੇ ਭਰਮ ਭੇਦ ਮਿਟਾਇ ਕੇ ਸਰਧਾ ਸੇਤੀ ਦਿਨ ਰੈਨ ਨਾਮ ਅਭਿਆਸ ਕਮਾਈਆਂ ਕਰੀ ਜਾਵੇ। ਅਤੇ ਸਤਿ ਸੰਗਤ ਦਾ ਆਸਰਾ ਹਰਿ ਦੰਮ ਰਖੇ। ਤਾਂ ਸਮਝੋ ਕਿ ਪੂਰਨ ਕਰਮ ਜਾਗ ਪਏ ਹਨ। ਜਿਸਤੋਂ ਵਾਹਿਗੁਰੂ ਮਿਲਾਪ ਦਾ ਨਦਰ-ਪਾਤਰ ਹੋ ਜਾਂਦਾ ਹੈ। ਨਦਰ ਹੋ ਹੀ ਜਾਂਦੀ ਹੈ ਬਸ ਨਦਰੀ ਮੇਲਾ ਔਹ ਪਿਆ ਹੈ :-

"ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ।।
ਸਾਧ ਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ।।
੩।।੪।।੧।।੧੩।।

(ਪ੍ਰਭਾਤੀ ਮਹਲਾ ੫ ਘਰ ੨)

ਗੁਰਬਾਣੀ ਅੰਦਰਿ ਦਰਸਾਏ ਹੁਕਮਾਂ ਉਤੇ ਪੂਰਨ ਭਰੋਸਾ ਰਖ ਕੇ ਅਤੇ ਸਗਲ ਭਰਮ ਮਿਟਾਇਕੇ ਨਾਮ ਕਮਾਈਆਂ ਨੂੰ ਕਮਰਕਸੇ ਕਰ ਕੇ ਜੁਟ ਪਵੇ। ਹਰ ਦਮ ਉਸ ਦੀਆਂ ਨਦਰਾਂ ਮੇਹਰਾਂ ਉਤੇ ਟੇਕ ਟਖੇ। ਅਪਣੀਆਂ ਕਮਾਈਆਂ ਦਾ ਮਾਣ ਨ ਕਰੇ। ਹੁਕਮ ਮੰਨ ਕੇ ਕਮਾਈਆਂ ਕਰੇ। ਐਸੇ ਹੁਕਮ ਰਜਾਈ ਚਲਣਹਾਰੇ ਉਪਰ ਨਦਰ ਮਿਹਰ ਬਹੁਤ ਛੇਤੀ ਹੁੰਦੀ ਹੈ। ਪ੍ਰੀਤਮ ਪਰਮਾਤਮਾ ਘਟ ਵਿਚਿ ਵੁਠ ਕੇ ਅਪਣਾ ਜੋਤਿ-ਜਲਵੰਨਾ ਚਮਕਾਰਾ ਵਿਗਸਾਰਾ ਦਿਖਾ ਕੇ ਆ ਮਿਲਦਾ ਹੈ।

(ਚਲਦਾ)

ਪੰਨਾ ੨੦ ਦਾ ਬਾਕੀ

ਨਾਮ ਗਰੀਬੀ ਦੇ ਅੱਖੁਟ ਭੰਡਾਰ, ਨਿਰੰਕਾਰ ਦੇ ਦਰਬਾਰ ਵਿਚੋਂ ਪ੍ਰਾਪਤ ਕਰਕੇ, ਉਸ ਦੇ ਗੱਫੇ ਭਰਦੇ ਹਨ ਤੇ ਸੰਤ ਜਨਾਂ ਦੇ ਚਰਨ ਮਲ ਮਲ ਕੇ ਧੌਂਦੇ ਹਨ। ਜਦ ਕਿ ਹੋਰ ਸਗਲ ਸ੍ਰਿਸਟੀ ਨੂੰ ਲੁੱਟਦੇ ਤੇ ਉਨ੍ਹਾਂ ਤੇ ਹਕੂਮਤ ਕਰਦੇ ਹਨ। *"ਸਗਲ ਸ੍ਰਿਸਟਿ ਕੇ ਪੰਚ ਸਿਕਦਾਰ। ਰਾਮ ਭਗਤ ਕੇ ਪਰਨੀਹਾਰ।।"* (੮੬੫) ਸਤਿਗੁਰੂ ਜੀ ਦੇ ਬਚਨ ਹਨ ।

ਪੰਚਮ ਪਾਤਸ਼ਾਹ ਨੇ ਕੇਵਲ ਉਪਦੇਸ਼ ਹੀ ਨਹੀਂ ਕੀਤਾ, ਆਪਣਾ ਨਿੱਜੀ ਤਜਰਬਾ ਭੀ ਦਰਸਾਇਆ ਹੈ। ਹਜ਼ੂਰ ਦੇ ਬਚਨ ਹਨ ਕਿ ਜੀਵਨ ਇਕ ਅਖਾੜਾ ਹੈ, ਇਸ ਵਿਚ ਚੰਗਿਆਈਆਂ ਤੇ ਬੁਰਿਆਈਆਂ ਦਾ ਲਗਾਤਾਰ ਸੰਘਰਸ਼ ਹੁੰਦਾ ਹੈ।ਇਹ ਪੰਜੇ ਨਾਮੀ ਪਹਿਲਵਾਨ ਵਿਕਾਰਾਂ ਦੇ ਪੁਤਲੇ ਹਨ ਜਿਨ੍ਹਾਂ ਨੂੰ ਬਾਕੀ ਔਗੁਣਾਂ ਦਾ ਪੂਰਨ ਸਹਯੋਗ ਹੈ। ਇਨ੍ਹਾਂ ਨੇ ਛਿੰਝ ਵਿਚ ਇੱਕਠੇ ਹੋ ਕੇ ਚੈਲੰਜ ਕੀਤਾ, ਕੁਸ਼ਤੀ ਕਰਨ ਵਾਸਤੇ। ਇਸ ਵਿਚ ਛੋਟੇ ਵੱਡੇ ਨਗਾਰੇ ਵਜੇ ਤੇ ਦਰਸ਼ਕ ਤਮਾਸ਼ਾ ਦੇਖਣ ਵਾਸਤੇ ਆਏ। ਇਸ ਕੁਸ਼ਤੀ ਨੂੰ ਅਕਾਲ ਪੁਰਖ ਆਪ ਭੀ ਗੁਪਤ ਰੂਪ ਵਿਚ ਤੱਕ ਰਹਿਆ ਹੈ। ਗੁਰਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਅਕਾਲ ਪੁਰਖ ਦਾ ਨਿਮਾਣਾ ਪਹਿਲਵਾਨ ਹਾਂ ਪਰ ਸਤਿਗੁਰੂ ਦੀ ਕ੍ਰਿਪਾ ਦੁਆਰਾ ਉੱਚ ਦੁਮਾਲੇ ਵਾਲਾ ਬਣ ਗਿਆ ਹਾਂ। ਹੋਇਆ ਇਸਤਰਾਂ ਕਿ ਇਸ ਅਖਾੜੇ ਵਿੱਚ ਵੱਡੇ ਵੱਡੇ ਮੱਲ (ਪਹਿਲਵਾਨ) ਆਏ ਤੇ ਉਨ੍ਹਾਂ ਨੇ ਫੇਰੀਆ ਲਈਆਂ ਤੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕੀਤਾ। ਸੱਚੇ ਗੁਰ ਨੇ ਕ੍ਰਿਪਾ ਕਰਕੇ ਇਸ ਅਖਾੜੇ ਵਿੱਚ ਭੇਜਿਆ, ਪਿੱਠ ਤੇ ਇੰਜ ਥਾਪੀ ਦਿੱਤੀ ਕਿ ਮੈਲ ਇਹ ਪੰਜੇ ਵਿਰੋਧੀ ਕਾਮਾਦਿਕ ਦੁਆਨਾਂ ਨੂੰ ਪਛਾੜ ਕੇ ਢਾਹ ਲਿਆ, ਚਿੱਤ ਕਰਕੇ ਕਾਬੂ ਕਰ ਲਿਆ। ਇਉਂ ਸਤਿਗੁਰੂ ਨੇ ਮੈਨੂੰ ਦੁਬਾਰਾ ਇਸ ਅਖਾੜੇ ਵਿਚ ਆਉਣ ਤੋਂ ਸਦਾ ਲਈ ਬਚਾ ਲਿਆ।

ਹਉ ਗੋਸਾਈ ਦਾ ਪਹਿਲਵਾਨੜਾ।।
ਮੈਂ ਗੁਰ ਮਿਲਿ ਉਚ ਦੁਮਾਲੜਾ।।
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ।।੧੭।।
ਵਾਤ ਵਜਨਿ ਟੰਮਕ ਭੇਰੀਆ।। ਮਲ ਲਥੇ ਲੈਂਦੇ ਫੇਰੀਆ।।
ਨਿਹਤੇ ਪੰਜਿ ਜੁਆਨ ਮੈ ਗੁਰਿ ਥਾਪੀ ਦਿਤੀ ਕੰਡਿ ਜੀਉ।
.....ਹਉ ਬਾਹੁੜਿ ਛਿੰਝ ਨਚਊ ਨਾਨਕ
ਅਉਸਰੁ ਲਧਾ ਭਾਲਿ ਜੀਉ।।

(ਸਿਰੀ ਰਾਗੁ ਮਹਲਾ ੫-੧੩-੧੪)


www.AKJ.Org

## ਏਹੁ ਹਮਾਰਾ ਜੀਵਣਾ

(ਗਿਆਨੀ ਬਚਿੱਤਰ ਸਿੰਘ 'ਪ੍ਰਵਾਨਾ',987/2 ਮਨਜੀਤ ਨਗਰ ਲੁਧਿਆਣਾ

ਸ਼ਹਿਰ ਦੇ ਇਕ ਕੇਂਦਰੀ ਅਸਥਾਨ ਭਾਵ ਬਹੁਤ ਵਡੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਦੇ ਸਬੰਧ ਵਿੱਚ ਰਾਤ ਨੂੰ ਸਮਾਗਮ ਹੋ ਰਹੇ ਹਨ। ਇਕ ਸਰਦਾਰ ਜੀ ਸਕੂਟਰ ਸਟਾਰਟ ਦੇ ਉਤੇ ਸਵਾਰ ਹੋਏ ਹੀ ਇਸ਼ਤਿਹਾਰ ਪੜਦੇ ਹਨ। ਇਸ਼ਤਿਹਾਰ ਪੜ ਕੇ ਇਕ ਸੇਵਾਦਾਰ ਨੂੰ ਕੋਲ ਬੁਲਾ ਕੇ :-

? ਸ੍ਰੀ ਨਗਰ ਵਾਲੇ

- ਜੀ ਉਹ ਆਏ ਹੀ ਨਹੀ ਪ੍ਰੋਗਰਾਮ ਤਾਂ ਬੁਕ ਕੀਤਾ ਸੀ।

? ਤਲਵਾੜੇ ਵਾਲੀਆਂ ਬੀਬੀਆਂ

- ਜੀ ਉਹ ਕਰ ਗਈਆਂ।

? ਖੰਨੇ ਵਾਲੇ

-ਉਹਨਾਂ ਦਾ ਟਾਈਮ ਤਾਂ ਸਵੇਰ ਦਾ ਹੈ

? ਹੁਣ ਕੌਣ ਕਰ ਰਿਹਾ

- ਜੀ ਇਹ ਤਾਂ ਲੋਕਲ ਨਿਸ਼ਕਾਮ ਕੀਰਤਨੀ ਜੱਥਾ ਹੈ।

? ਫੇਰ ਤਾਂ ਕੋਈ ਫਾਇਦਾ ਨਹੀਂ, ਚਲੋ ਸਵੇਰੇ ਦੇਖਾਂਗੇ ਤੇ ਸਰਦਾਰ ਸਾਹਿਬ ਤੁਰ ਪਏ।

ਇਹ ਸੱਚੀ ਘਟਨਾ ਹੈ। ਕਿ ਅਸੀਂ ਹੁਣ ਆਪਸ ਵਿੱਚ ਆਪਣੇ ਅੰਦਰ ਆਪ ਹੀ ਝਾਤ ਮਾਰ ਕੇ ਵੀਚਾਰ ਕਰੀਏ। ਅੱਜ ਸਾਡਾ ਗੁਰੂਆਂ ਪ੍ਰਤੀ ਫਰਜ਼ ਕਿੰਨਾ ਕੁ ਰਹਿ ਗਿਆ ਹੈ। ਅਸੀਂ ਗੁਰੂ ਸਾਹਿਬਾਂ ਦੇ ਸ਼ਹੀਦੀ ਗੁਰਪੁਰਬ ਤੇ ਵੀ ਆਪਣੀ ਸ਼ਰਧਾ ਦੇ ਫੁਲ ਭੇਟ ਕਰਨ ਵਜੋਂ ਗੁਰੂ ਗ੍ਰੰਥ ਸਾਹਿਬ ਅਗੇ ਮਥਾ ਟੇਕ ਕੇ ਗੁਰੂ ਸੰਗਤਾਂ ਦੇ ਦਰਸ਼ਨ ਕਰ ਕੇ ਅਸੀਸ ਪ੍ਰਾਪਤ ਕਰਨ ਦੀ ਥਾਂ, ਆਤਮਿਕ ਖੁਰਾਕ, ਮਨ ਦੀ ਮੈਲ ਧੋਣ ਤੇ ਸਰੀਰ ਦੇ ਸਾਰੇ ਰਸਾਂ ਨੂੰ ਖਤਮ ਕਰਨ ਵਾਲੀ ਬਾਣੀ ਨੂੰ ਸੁਨਣ ਦੀ ਥਾਂ ਸਰੀਰਕ ਰਸ ਤੇ ਦੁਨਿਆਵੀ ਤੌਰ ਤੇ ਨਾਮੀ ਤੇ ਪੈਸੇ ਪੱਖੋ ਵਡੇ ਤੇ ਅਜ ਕਲ ਦੇ ਕੈਸਟਯੁੱਗ 'ਚ ਮੋਹਰੀ ਤੇ ਸੰਗੀਤ ਰਸ ਤੇ ਸਾਨੂੰ ਕੰਨ ਰਸ ਦੀ ਭੁਖ ਮਿਟਾਉਣ ਵਾਲੇ ਗਿਣਤੀ ਦੇ ਕੁਝ ਰਾਗੀ ਜੱਥਿਆਂ ਦੇ ਵਸ ਹੋ ਕੇ ਰਹਿ ਗਏ ਹਾਂ। ਤੇ ਉਤੋਂ ਦਾਅਵਾ ਕਰਦੇ ਹਾਂ ਗੁਰੂ ਦੇ ਵੱਡੇ ਤੇ ਸੱਚੇ ਸਿਖ ਹੋਣ ਦਾ। ਕੀ ਗੁਰਸਿੱਖੀ ਦੀ ਇਹ ਨਿਸ਼ਾਨੀ ਹੈ ?

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋ ਪ੍ਰਾਪਤ ਨਹੀਂ ਕੀਤੇ ਜਾਣਗੇ।

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਗੁਰਚਰਨ ਸਿੰਘ | ੧੦੦/- | ਗੁਪਤ- | ੬੦੦/- |
| ਸ੍ਰ: ਰਾਜਿੰਦਰ ਸਿੰਘ | ੪੫੦/- | ਸ: ਲਛਮਨ ਸਿੰਘ | ੫੦/- |
| ਗੁਪਤ | ੧੦੦/- | ਬੀਬੀ ਨਰਿੰਦਰ ਕੌਰ- | ੫੦੦/- |
| ਗੁਪਤ | ੧੫੦੦/- | ਸ੍ਰ: ਮ੍ਹਹਿੰਦਰ ਸਿੰਘ | ੨੦/- |

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸੰਗਤ ਜੈਪੁਰ ਤੇ ਜੋਧਪੁਰ- | ੩੩੦੦/ | ਸ੍ਰ: ਹੁਕਮ ਸਿੰਘ- | ੨੫੦/- |
| ਗੁਪਤ- | ੩੮/- | ਸੰਗਤ ਮੁਲਾਂਪੁਰ- | ੫੧/- |
| ਸ: ਰਜਿੰਦਰ ਸਿੰਘ ਲੁਧਿਆਣਾ- | ੨੫੦੦/- | ਗੁਪਤ- | ੫੦੦/- |
| ਸ: ਜਗਦੀਸ਼ ਸਿੰਘ- | ੧੦੦/- | ਗੁਪਤ- | ੧੦੦/- |
| ਸ: ਜਸਕਰਨ ਸਿੰਘ- | ੧੧/- | ਗੁਪਤ- | ੧੦/- |

www.AKJ.Org

Regd. No./12245/66 SURA/DEC./97 P.O. Regd. No. PB/LD/121/97

ਗੁ: ਧਰਮਸ਼ਾਲਾ, ਸਿਧਵਾਂ ਖੁਰਦ (ਕਾਲਿਜ) ਜਗਰਾਉ ਵਿਖੇ ਰੈਣਿ ਸਬਾਈ ਕੀਰਤਨ 13 ਦਸੰਬਰ ਰਾਤ

ਪਿੰਡ ਟਾਹਲੀ (ਹੁਸ਼ਿਆਰਪੁਰ 20 ਦਸੰਬਰ ਸਵੇਰੇ ਦਿਵਸ ਸੁਹੇਲਾ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ।

ਗੁ: ਸਾਹਿਬ ਜਨਤਾ ਨਗਰ ਗਲੀ ਨੰ: 4 ਗਿਲ ਰੋਡ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 20 ਦਸੰਬਰ ਰਾਤ ਨੂੰ

## ਦਸਮ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਦਾ ਕੇਂਦਰੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ।

ਹਰ ਸਾਲ ਦੀ ਤਰਾਂ ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਸਮੇਂ ਸਿਰ ਹਾਜ਼ਰੀਆਂ ਭਰ ਕੇ ਖੁਸ਼ੀਆਂ ਬਖਸ਼ੋ ਜੀ।

3. ਜਨਵਰੀ 1998 ਸ਼ਨੀਵਾਰ ਸਵੇਰੇ 4.00 ਤੋਂ 7.00 ਸ੍ਰੀ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।

ਸ਼ਾਮ 5.30 ਤੋਂ 8.30 ਸੋਦਰ ਅਤੇ ਅਖੰਡ ਕੀਰਤਨ ਗੁ: ਸਾਹਿਬ ਦੇ ਸਾਹਮਣੇ ਕਾਲਜ ਗਰਾਊਂਡ ਵਿਖੇ।

4. ਜਨਵਰੀ 1998 ਐਤਵਾਰ ਸਵੇਰੇ 6.00 ਤੋਂ 12.00 ਅਖੰਡ ਕੀਰਤਨ ਗੁਰਮਤਿ ਸੰਚਾਰ ਕੇਂਦਰ (ਭਾਈ ਰਣਧੀਰ ਸਿੰਘ ਟ੍ਰਸਟ, ਐਫ ਬਲਾਕ ਭਾਈ ਰਣਧੀਰ ਸਿੰਘ ਨਗਰ ਵਿਖੇ। (ਸੰਗਤਾਂ ਨੂੰ ਲਿਜਾਣ ਤੇ ਲਿਆਣ ਦਾ ਪ੍ਰਬੰਧ ਗੁ: ਸਿੰਘ ਸਭਾ ਵਿਖੇ ਹੋਵੇਗਾ।)

ਸ਼ਾਮ 5.30 ਤੋਂ 8.30 ਸੋਦਰ ਅਤੇ ਅਖੰਡ ਕੀਰਤਨ ਕਾਲਜ ਗਰਾਊਂਡ ਵਿਖੇ।

5. ਜਨਵਰੀ 1998 ਸੋਮਵਾਰ ਸਵੇਰੇ 6.00 ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਬਾਅਦ ਦੁਪਹਿਰ ਤੱਕ ਕਾਲਜ ਗਰਾਊਂਡ ਵਿਖੇ।

ਸ਼ਾਮ 5.30 ਵਜੇ ਸੋਦਰ ਉਪ੍ਰੰਤ ਅਰੰਭ ਰੈਣਿ ਸਬਾਈ ਕੀਰਤਨ ਕਾਲਜ ਗਰਾਊਂਡ ਵਿਖੇ।

6. ਜਨਵਰੀ 1998 ਮੰਗਲਵਾਰ ਭੋਗ ਰੈਣਿ ਸਬਾਈ ਕੀਰਤਨ 6 ਵਜੇ ਸਵੇਰੇ।

**ਅੰਮ੍ਰਿਤ ਸੰਚਾਰ ਸਮਾਗਮ** :- 5 ਜਨਵਰੀ ਸੋਮਵਾਰ ਸ਼ਾਮ 6.00 ਵਜੇ ਆਰੰਭ ਅੰਮ੍ਰਿਤ ਸੰਚਾਰ ਸਮਾਗਮ ਗੁ: ਸਾਹਿਬ ਦੇ ਉਪਰਲੇ ਹਾਲ ਵਿਚ।

**ਰਿਹਾਇਸ਼ ਤੇ ਲੰਗਰ** :- ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਾਹਿਬ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

**ਨੋਟ**:- ਵੱਖਰੇ ਸੱਦਾ ਪੱਤਰ ਨਹੀਂ ਭੇਜੇ ਜਾ ਰਹੇ। ਸਮੂਹ ਅਖੰਡਪਾਠੀ ਤੇ ਕੀਰਤਨੀ ਗੁਰਮੁਖ ਵੀਰ ਭੈਣਾਂ ਤੇ ਗੁਰੂ ਪਿਆਰੀਆਂ ਸੰਗਤਾਂ ਦਰਸ਼ਨ ਦੇ ਕੇ ਧੰਨਵਾਦੀ ਬਣਾਓ ਜੀ।

**ਪ੍ਰਬੰਧਕ ਦਾਸਰੇ** :- ਸਮੂਹ ਸੰਗਤ ਅਖੰਡ ਕੀਰਤਨੀ ਜੱਥਾ ਲੁਧਿਆਣਾ ਤੇ ਪ੍ਰਬੰਧਕ ਕਮੇਟੀ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।

### ਪਿੰਡ ਬੜਾਲੀ ਨੇੜੇ ਕੁਰਾਲੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਅਖੰਡ ਕੀਰਤਨ ਸਮਾਗਮ

17-1-98 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਸਮਾਗਮ ਦੁਪਹਿਰ ਤੱਕ ਰਾਤ ਨੂੰ ਰੈਣਿ ਸਬਾਈ ਕੀਰਤਨ, ਬੜਾਲੀ ਪਿੰਡ ਕੁਰਾਲੀ ਤੋਂ 3 ਕਿ: ਮੀ: ਦੀ ਵਿੱਥ ਤੇ ਹੈ। ਗੁ: ਸਾਹਿਬ ਮੌਰਿੰਡਾ ਰੋਡ ਤੋਂ ਹਰ ਅੱਧੇ ਘੰਟੇ ਬਾਅਦ ਟੈਂਪੂ ਸਰਵਿਸ ਹੈ।

### ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ

19 ਤੋਂ 21 ਦਸੰਬਰ ਸ੍ਰੀ ਅਖੰਡ ਪਾਠ ਸਾਹਿਬ 58 CLIFORD RD. HOUNSLOW WEST LONDON Tel. 0181-737-1861 ਵਿਖੇ। ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਹੋਰ ਜਾਣਕਾਰੀ ਲਈ ਭਾਈ ਜਸਪਾਲ ਸਿੰਘ 0181-571-5809

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org